# ਖ਼ਾਲਸਾ ਕਾਲਜ ਸੱਜਰਾ ਸਾਹਿਤ

ਅੰਕ ਨੰ : 21

## ਪੰਜਾਬੀ ਰਸਾਲਾ ਸਤੰਬਰ 2024



KHALSA COLLEGE SAJRA SAHIT

ਖ਼ਾਲਸਾ ਕਾਲਜ ਸੱਜਰਾ ਸਾਹਿਤ

# ਸੱਜਰਾ ਸਾਹਿਤ ਪੰਜਾਬੀ ਰਸਾਲਾ

## ਸਤੰਬਰ 2024

ਵੱਲੋਂ :

® ਖ਼ਾਲਸਾ ਕਾਲਜ ਅੰਮ੍ਰਿਤਸਰ

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

KHALSA COLLEGE
SAJRA SAHIT

ਖ਼ਾਲਸਾ ਕਾਲਜ ਸੱਜਰਾ ਸਾਹਿਤ

ਪੰਜਾਬੀ ਰਸਾਲਾ **ਸਤੰਬਰ** 2024


ਵੱਲੋਂ :

ਪੰਜਾਬੀ ਵਿਭਾਗ

ਖ਼ਾਲਸਾ ਕਾਲਜ, ਅੰਮ੍ਰਿਤਸਰ।

ਜੀ. ਟੀ. ਰੋਡ, ਅੰਮ੍ਰਿਤਸਰ, 143002

ਮੋ : +91 9417534823, **8195903361.**

ਈ-ਮੇਲ : Khalsacollegesajrasahit@gmail.com

ਇਨਸਟਾਗ੍ਰਾਮ : @Khalsacollegesajrasahit



ਪ੍ਰਕਾਸ਼ਿਤ ਮਿਤੀ : 01 **ਸਤੰਬਰ** 2024

ਅੰਕ ਨੰ: 21



ਮੁੱਖ ਸੰਪਾਦਕ :

ਸਾਹਿਬਜੀਤ ਸਿੰਘ (ਐਮ. ਏ. ਪੰਜਾਬੀ)

ਸੰਪਾਦਕ :

ਸਤਨਾਮ ਸਿੰਘ (ਐਮ. ਏ. ਪੰਜਾਬੀ)

ਦਲਜੀਤ ਕੌਰ (ਬੀ. ਏ.)

ਅਮਨਦੀਪ ਕੌਰ (ਬੀ. ਏ.)



ਪ੍ਰਕਾਸ਼ਕ :

ਖ਼ਾਲਸਾ ਕਾਲਜ ਸੱਜਰਾ ਸਾਹਿਤ

Punjabilibrary.com

ਪ੍ਰੀਤ ਸਿੰਘ ਭੈਣੀ

# ਤਤਕਰਾ


| | | |
|---|---|---|
| 1. | ਖ਼ਾਲਸਾ ਕਾਲਜ | 06 |
| 2. | ਕੁਝ ਕੁੜੀਆਂ | 08 |
| 3. | ਰਾਹਾਂ ਉੱਤੇ ਸਾਹਾਂ ਉੱਤੇ | 10 |
| 4. | ਤੇਰੇ ਨਾਲ ਐ ਪਿਆਰ ਮੇਰਾ | 11 |
| 5. | ਤਸਵੀਰ | 12 |
| 6. | ਘਰ ਦਾ ਚਾਅ | 13 |
| 7. | ਮੋਈਆਂ ਸਾਂਝਾਂ ਦੇ | 14 |
| 8. | ਗਾਵਾਲ਼ਾ (ਪੇਂਟਿੰਗ) | 15 |
| 9. | ਮੁਹੱਬਤ | 16 |
| 10. | ਕਿੱਥੇ ਡੁੱਬ ਮਰਾਂ | 17 |
| 11. | ਤੂੰ ਦਸ ਪੜ੍ਹੇਗੀ ਨਾ | 18 |
| 12. | ਮੇਰਾ ਘਰ (ਪੇਂਟਿੰਗ) | 19 |
| 13. | ਜਿੰਦ ਵਾਰ ਦੇਈ ਮੈਂ | 20 |
| 14. | ਤੇਰਾ ਖ਼ਿਆਲ | 21 |
| 15. | ਬੀਤ ਗਏ 'ਤੇ ਰੋਣਾ ਕੀ | 22 |
| 16. | ਖ਼ਯਾਲ਼ਾਂ ਦਾ ਘਰ (ਪੇਂਟਿੰਗ) | 23 |
| 17. | ਮਾਹੀ ਕਰਕੇ | 24 |
| 18. | ਨਿੱਤ ਸੁਪਨਿਆਂ ਵਿਚ | 25 |
| 19. | ਦੂਧੀਆ ਝਰਨਾ (ਡੀਜ਼ੀਟਲ ਆਰਟ) | 26 |
| 20. | ਜ਼ਿੰਦਗੀ ਦੀਆਂ ਤੰਦਾਂ | 27 |
| 21. | ਸੱਜਣਾ ਨਾਲ ਨਈਂ ਝਗੜੇ | 28 |
| 22. | ਰਾਹ ਤੇ ਰਾਹੀ | 29 |
| 23. | ਕੋਈ ਤਰਖਾਣ ਹੀ ਲਗਦੈ | 31 |

| | | |
|---|---|---|
| 24. | ਮੇਰੇ ਚੰਨ | 32 |
| 25. | ਭਗਤ ਪੂਰਨਾ | 34 |
| 26. | ਪੁੱਤ ਨੂੰ ਪਈ ਸ਼ਰਾਬਾਂ ਦੀ | 35 |
| 27. | ਕਿਤਾਬੀ ਇਸ਼ਕ | 37 |
| 28. | ਹੁਣ ਨਹੀਂ ਕੁਝ ਹੋ ਸਕਦਾ | 38 |
| 29. | ਸਵਰਗ (ਡੀਜ਼ੀਟਲ ਆਰਟ) | 39 |
| 30. | ਹਨੇਰਾ ਦਿਸਦਾ | 40 |
| 31. | ਕਾਸ਼! ਮੈਂ ਵੀ ਉਦੋਂ ਮੌਜੂਦ ਹੁੰਦਾ | 41 |
| 32. | ਯਾਰੀ | 42 |
| 33. | ਤੇਰੇ ਨੈਣ ਸੋਹਣੇ | 43 |
| 34. | ਔਰਤ ਇਕ ਕਵਿਤਾ ਹੈ | 44 |
| 35. | ਇਸ਼ਕ ਦਾ ਪਰਿੰਦਾ | 47 |
| 36. | ਬੰਦਾ ਜਦ ਮਰ ਜਾਏ | 49 |
| 37. | ਕੁਝ ਤਾਂ ਮੂੰਹੋਂ ਬੋਲ ਵੇ ਪੁੱਤਾ | 50 |
| 38. | ਬਾਪੂ | 51 |
| 39. | ਜਿਉਂ ਰੁੱਖਾਂ ‘ਤੇ ਆਰੀ ਲੱਗੀ | 53 |
| 40. | ਮੇਰੀ ਮੌਤ ਦਾ ਚਾਅ (ਕਹਾਣੀ) | 54 |

# ਖ਼ਾਲਸਾ ਕਾਲਜ

ਅਸਾਂ ਚੁੰਮ ਲਈ ਏ ਅੱਜ ਪਾਕ ਪਵਿੱਤਰ ਥਾਂ ਨੀ
ਅਸਾਂ ਕਰ ਦਿੱਤੀ ਏ ਜ਼ਿੰਦੜੀ ਇਹਦੇ ਨਾਂਅ ਨੀ
ਅੱਜ ਪੁੱਛੋ ਨਾ ਰੂਹ ਸਾਡੀ ਮਾਰੇ ਕਿੰਝ ਚਮਕਾਂ
ਅੱਜ ਸ਼ਿੱਦਤ ਸਾਡੀ ਵਿਕ ਰਹੀ ਕਿਸ ਭਾਅ ਨੀ
ਅਸਾਂ ਵੇਖ ਲਿਆ ਰੱਬ ਏਥੇ ਸੱਜਦੇ ਕਰਦਾ
ਅਸਾਂ ਮਸੀਤ ਬਣਾ ਲਈ ਏ ਇਬਾਦਤਗਾਹ ਨੀ
ਆਇਆ ਨਿਖ਼ਾਰ ਨੀ ਸਖੀਓ ਸਾਡੇ ਮੁੱਖ 'ਤੇ ਚੋਖਾ
ਅਸਾਂ ਵਾਰ ਦਿੱਤਾ ਹਰ ਦਿਲ ਦਾ ਪੂਰਾ ਚਾਅ ਨੀ।

ਲੱਭਿਆ ਏ ਸਾਨੂੰ ਮਹਿਬੂਬ ਸੁਨੱਖਾ ਲੱਭਿਆ
ਕੀਤੀਆਂ ਨੇ ਅਸਾਂ ਪਾਕ ਮੁਹੱਬਤਾਂ ਕੀਤੀਆਂ
ਸਾਡੇ ਬਿਰਹਾ ਦੇ ਜੋ ਪਾਟੇ ਫਿਰਦੇ ਲੀੜੇ
ਅਸਾਂ ਕੱਠੀਆਂ ਕਰਕੇ ਟਾਕੀਆਂ ਏਥੇ ਸੀਤੀਆਂ
ਸਭ ਦਿਲ ਦੀਆਂ ਗੰਢਾਂ ਖ਼ੂਨ ਤੋਂ ਗੂੜੀਆਂ ਬੰਨ੍ਹੀਆਂ
ਨਹਿਰਾਂ ਸਿਦਕ ਦੀਆਂ ਏਥੇ ਇੱਕੋ ਘੁੱਟੇ ਪੀਤੀਆਂ
ਸਾਡੇ ਮੁਰਸ਼ਦ ਨੂੰ ਅਸਾਂ ਰੱਬ ਬਰਾਬਰ ਰੱਖਿਆ
ਅਸਾਂ ਰੱਬ ਤੋਂ ਏਥੇ ਇਸ਼ਕ ਚੂਲੀਆਂ ਲੀਤੀਆਂ।

ਮਹਿਕਣਾ ਨੀ ਅਸਾਂ ਫੁੱਲ ਬਣ ਕੇ ਹੈ ਮਹਿਕਣਾ
ਜਾਣਾ ਨੀ ਜਦ ਅਸਾਂ ਅਗਲੇ ਪੈਂਡੇ ਤੁਰ ਜਾਣਾ
ਇਹ ਇੱਟਾਂ ਗੁੰਬਦ ਰੁੱਖ ਇਮਾਰਤ ਸਾਨੂੰ ਕੂਕਣਾਂ
ਇਹਨਾਂ ਸੁੰਨੀਆਂ ਰਾਹਾਂ ਵੱਢ ਵੱਢ ਧਰਤ ਨੂੰ ਖਾਣਾ
ਪਹੁੰਚਣਾ ਏ ਜਦ ਅਸਾਂ ਕਿਸੇ ਮੁਕਾਮ 'ਤੇ ਪਹੁੰਚਣਾ
ਸਾਡੇ ਮੁੜਕਿਆਂ ਵਿਚੋਂ ਨਾਂ ਖ਼ਾਲਸਾ ਕਾਲਜ ਆਣਾ
ਟੇਕਣੇ ਨੀ ਅਸਾਂ ਮੱਥੇ ਮੁੜ ਮੁੜ ਆ ਏਥੇ ਟੇਕਣੇ
ਸਾਡੇ ਹੌਕਿਆਂ ਸਬਰਾਂ ਲੱਖ ਲੱਖ ਸ਼ੁਕਰ ਮਨਾਣਾ।

ਪ੍ਰੀਤ ਸਿੰਘ ਭੈਣੀ
ਐੱਮ. ਏ. ਪੰਜਾਬੀ.



# ਕੁਝ ਕੁੜੀਆਂ

ਕੁਝ ਕੁੜੀਆਂ ਨੇ ਰੁੱਤਾਂ ਵਰਗੀਆਂ,
ਕੁਝ ਕੁੜੀਆਂ ਵਾਂਗ ਬਹਾਰਾਂ।
ਏਨਾਂ ਦੀ ਨਜ਼ਰ ਸੁਲੱਖਣੀ ਉੱਤੋਂ,
ਮੈਂ ਚੰਨ ਸਿਤਾਰੇ ਵਾਰਾਂ।

ਇਹ ਰਿਸ਼ਮਾਂ ਦੇ ਜੋਬਨ ਵਰਗੀਆਂ,
ਇਹ ਮਹਿਕਾਂ ਦੀਆਂ ਦੁਕਾਨਾਂ।
ਸਾਰੀ ਕੁਦਰਤ ਨੂੰ ਖੇੜੇ ਦੇਂਦੀਆਂ,
ਇਹ ਮੁਟਿਆਰ ਰਕਾਨਾਂ।

ਜੁੱਸੇ ਨੇ ਕੋਸੀਆਂ ਧੁੱਪਾਂ ਵਰਗੇ,
ਤੇ ਇਹ ਨੀਰ ਦੀਆਂ ਢਾਬਾਂ।
ਏ ਕੁੜੀਆਂ ਤਾਂ ਐਂ ਤਜੱਸਵੀ,
ਕੌਣ ਝੱਲੇ ਇਨ੍ਹਾਂ ਦੀਆਂ ਤਾਬਾਂ?

ਹੁਮਕਣ ਏਦਾਂ ਤੁਰਨ ਧਰਤ 'ਤੇ,
ਜਿਉਂ ਪੌਣਾਂ ਲੈਣ ਹੁਲਾਰੇ।
ਹੱਥਾਂ ਵਿਚ ਲੈ ਕੇ ਬਰਕਤਾਂ ਮੌਲਾ,
ਏਨਾਂ ਦੀ ਨਜ਼ਰ ਉਤਾਰੇ।

ਸਮਿਆਂ ਦਿਆਂ ਧੱਬਿਆਂ ਵਰਗੀਆਂ,
ਇਹ ਕੁੜੀਆਂ ਦੀਆਂ ਪੌੜਾਂ।
ਮਿੱਠਤ ਮੁਸਕਾਨਾਂ ਵੇਖਦਿਆ ਹੀ,
ਨੱਸਣ ਜ਼ਹਿਨ ਦੀਆਂ ਕੌੜਾਂ।

ਕਾਇਨਾਤ ਜਿਹੇ ਸੁਹੱਪਣ ਸਾਂਭੀ,
ਫਿਰਨ ਸੁਨੱਖੀਆਂ ਨਾਰਾਂ।
ਸਿਰਜਕ ਦੀ ਸਿਰਮੌਰ ਸਿਰਜਣਾ,
ਇਹ ਛੈਲ ਮੁਟਿਆਰਾਂ।

ਸਾਹਿਬਜੀਤ ਸਿੰਘ
ਐਮ. ਏ. ਪੰਜਾਬੀ.
ਪਹਿਲਾ ਸਾਲ



# ਰਾਹਾਂ ਉੱਤੇ ਸਾਹਾਂ ਉੱਤੇ


ਰਾਹਾਂ ਉੱਤੇ ਸਾਹਾਂ ਉੱਤੇ
ਗੁੰਮ ਹੋਈਆਂ ਧਾਹਾਂ ਉੱਤੇ
ਮਿੱਧੇ ਗਏ ਚਾਵਾਂ ਉੱਤੇ
ਤੇਰਾ ਨਾਮ ਸੱਜਣਾ

ਤੇਰੀਆਂ ਜੋ ਯਾਦਾਂ ਉੱਤੇ
ਬੁਝੇ ਹੋਏ ਸਵਾਦਾਂ ਉੱਤੇ
ਛਿੜੇ ਹੋਏ ਵਿਵਾਦਾਂ ਉੱਤੇ
ਤੇਰਾ ਨਾਮ ਸੱਜਣਾ

ਇਹ ਖਿੱਲਰੇ ਜਿਹੇ ਕੇਸਾਂ ਉੱਤੇ
ਭਗਵੇਂ ਜਿਹੇ ਵੇਸਾਂ ਉੱਤੇ
ਬਦਲੇ ਹੋਏ ਭੇਸਾਂ ਉੱਤੇ
ਤੇਰਾ ਨਾਮ ਸੱਜਣਾ

ਖੁਸ਼ੀਆਂ ਤੇ ਖੇੜਿਆਂ 'ਤੇ
ਸੁੰਨੇ ਹੋਏ ਵਿਹੜਿਆਂ 'ਤੇ
ਯਾਦਾਂ ਦਿਆਂ ਪੇੜਿਆਂ 'ਤੇ
ਤੇਰਾ ਨਾਮ ਸੱਜਣਾ

ਭਰਮਾਂ ਭੁਲੇਖਿਆਂ 'ਚ
ਝੂਠੇ ਬਣੇ ਲੇਖਿਆਂ 'ਚ
ਬੇਗੁਨਾਹੇ ਸੇਕਿਆਂ ‘ਚ
ਤੇਰਾ ਨਾਮ ਸੱਜਣਾ



ਉਂਕਾਰ ਸਿੰਘ
ਐੱਮ. ਏ. ਪੰਜਾਬੀ

# ਤੇਰੇ ਨਾਲ ਐ ਪਿਆਰ ਮੇਰਾ

ਤੇਰੇ ਨਾਲ ਐ ਪਿਆਰ ਮੇਰਾ,
ਤੇਰੇ ਉੱਤੋਂ ਜਿੰਦ ਕੁਰਬਾਨ ਵੇ।
ਜਦ ਰੁੱਸ ਜਾਨੈ ਮਹਿਰਮਾ,
ਮੇਰੀ ਕੱਢ ਲੈਨੈਂ ਜਾਨ ਵੇ।

ਤੂੰ ਹੀ ਦੌਲਤ ਸ਼ੁਹਰਤ ਮੇਰੀ,
ਤੂੰ ਹੀ ਦੀਨ ਈਮਾਨ ਵੇ।
ਇੰਝ ਲੱਗਣ ਤੇਰੇ ਬੋਲ ਵੇ ਮਾਹੀ,
ਜਿਉਂ ਮੱਕਿਉਂ ਆਈ ਅਜ਼ਾਨ ਵੇ।

ਮੇਰੀ ਤੇਰੀ ਵੇਖ ਮੁਹੱਬਤ,
ਏ ਲੋਕ ਹੋਣ ਹੈਰਾਨ ਵੇ।
ਇਉਂ ਹੀ ਬਣ ਕੇ ਰਹੀਂ ਹਮੇਸ਼ਾ,
ਨਾ ਬਣ ਜਾਵੀਂ ਹੈਵਾਨ ਵੇ।

ਜਾਪੇ ਕੁੱਲ ਆਲਮ ਤੂੰ ਮੇਰਾ,
ਤੂੰ ਹੀ ਕੁੱਲ ਜਹਾਨ ਵੇ।
ਤੇਰੇ ਬੋਲਾਂ ਨੂੰ ਸਜਦਾ ਕਰਨਾ,
ਖ਼ੁਦਾ ਦਾ ਜਿਉਂ ਫ਼ੁਰਮਾਨ ਵੇ।



ਸਤਨਾਮ ਸਿੰਘ ਵੇਰਕਾ
ਐਮ. ਏ. ਪੰਜਾਬੀ.
ਪਹਿਲਾ ਸਾਲ

# ਤਸਵੀਰ

ਇੱਕ ਤਸਵੀਰ ਹਮੇਸ਼ਾ ਰਹਿੰਦੀ ਏ ਮੇਰੇ ਖ਼ਿਆਲਾਂ ਦੇ ਵਿਚ
ਮੈਂ ਮਿਟਾਉਣਾ ਚਾਹੁੰਦਾ ਹਾਂ।

ਮੈਂ ਉਲਝਿਆ ਫਿਰਦਾ ਰਹਿੰਦਾ ਆ ਕੁਝ ਸਵਾਲਾਂ ਦੇ ਵਿਚ
ਮੈਂ ਸੁਲਝਾਉਣਾ ਚਾਹੁੰਦਾ ਹਾਂ।

ਹੋ ਸਕੇ ਤਾਂ ਆਪਣਾ ਬਣ ਕੇ ਮਿਲ ਜਾਵੀਂ
ਮੈਂ ਅਪਣਾਉਣਾ ਚਾਹੁੰਦਾ ਹਾਂ।

ਕੌਣ ਕਹਿੰਦਾ ਤਕਦੀਰਾਂ ਨੂੰ ਕੋਈ ਬਦਲ ਨੀ ਸਕਦਾ
ਮੈਂ ਰੱਬ ਹਰਾਉਣਾ ਚਾਹੁੰਦਾ ਹਾਂ।

ਕਹਿੰਦੇ ਮਰ ਜਾਂਦੇ ਨੇ ਰਾਹ ਜਿਨ੍ਹਾਂ ਦੀ ਮੰਜ਼ਿਲ ਨੀ ਹੁੰਦੀ
ਮੈਂ ਫੇਰ ਵੀ ਆਉਣਾ ਚਾਹੁੰਦਾ ਹਾਂ।

ਸਭ ਕੁਝ ਗਵਾਉਣਾ ਪੈਂਦਾ ਏ ਦਿਲ ਲਾਉਣ ਦੀ ਖ਼ਾਤਿਰ
ਮੈਂ ਤਾਂ ਵੀ ਲਾਉਣਾ ਚਾਹੁੰਦਾ ਹਾਂ।

ਇੱਕ ਤਸਵੀਰ ਹਮੇਸ਼ਾ ਰਹਿੰਦੀ ਏ ਮੇਰੇ ਖ਼ਿਆਲਾਂ ਦੇ ਵਿਚ
ਮੈਂ ਮਿਟਾਉਣਾ ਚਾਹੁੰਦਾ ਹਾਂ।



**ਜਸਕਰਨ ਸਿੰਘ**
**ਬੀ. ਐਸ. ਸੀ. ਫਜ਼ਿਕਸ**

# ਘਰ ਦਾ ਚਾਅ

ਕੈਦੀ ਹੋਏ ਪਿੰਜਰੇ 'ਚੋਂ ਆਜ਼ਾਦ ਨੀ,
ਖਿਲੇ ਚਿਹਰੇ ਬੇਹਿਸਾਬ ਨੀ,
ਸੋਹਣਾ ਲੱਗਿਆ ਚਾਰ ਚੁਫ਼ੇਰਾ ਨੀ
ਜਦ ਤੱਕਿਆ ਅੰਮੀ ਦਾ ਚੇਹਰਾ ਨੀ,
ਜਦ ਨਾਲ ਗਲ਼ ਦੇ ਲਾਇਆ ਨੀ,
ਫਿਰ ਬੁੱਲ੍ਹਾਂ ਨੇ ਮੁਸਕਾਇਆ ਨੀ,
ਰਹਿੰਦੇ ਖ਼ਾਲੀ ਜਹੇ ਮੁਰਝਾਏ ਨੀ
ਘੁੱਟ ਫਿਰ ਗਲ਼ ਨਾਲ਼ ਲਾਏ ਨੀ,
ਜਦ ਠੰਡੀ ਭਰੀ ਨਿਗਾਹ ਨੀ
ਦੇਖ ਦਿਲ ਤੋਂ ਨਿਕਲੇ ਆਹ ਨੀ,
ਜਿਵੇਂ ਵੱਖਰੀ ਚੜ੍ਹੀ ਸਵੇਰ ਨੀ
ਹੋਈ ਕੁਦਰਤ 'ਚ ਹੇਰ ਫੇਰ ਨੀ,
ਉੱਠ ਖੜ੍ਹੇ ਤਾਂ ਰੱਬ ਕੋਲ ਨੀ
ਜਦ ਨਿਕਲੇ ਮੂੰਹ ਤੋਂ ਬੋਲ ਨੀ,
ਫਿਰ ਬਾਣੀ ਦੀ ਵੀ ਲੋੜ ਨੀ
ਜਦ ਰੱਬ ਹੀ ਬਹਿ ਗਿਆ ਕੋਲ ਨੀ,
ਚਾਰ ਦਿਨ ਦੀ ਜ਼ਿੰਦਗਾਨੀ 'ਚ
ਚਾਰ ਦਿਨਾਂ ਦਾ ਬਾਹਲਾ ਜ਼ੋਰ ਨੀ,
ਇਹਨਾਂ ਦਿਨਾਂ ਨੂੰ ਮੈਂ ਜੀਅ ਲਿਆ
ਘੋਲ ਹਾਸੇ ਨੂੰ ਮੈਂ ਪੀ ਲਿਆ,
ਨਾ ਜ਼ਿੰਦਗੀ ਦਾ ਵਸਾਹ ਨੀ
ਸੱਚੀਂ ਘਰ ਦਾ ਬਾਹਲਾ ਚਾਅ ਨੀ।



ਰਣਜੀਤ ਕੌਰ
ਐੱਮ. ਏ. ਪੰਜਾਬੀ

# ਮੋਈਆਂ ਸਾਂਝਾਂ ਦੇ

ਮੋਈਆਂ ਸਾਂਝਾਂ ਦੇ,
ਕਿਸ ਕਬਰ 'ਤੇ ਫੁੱਲ ਚੜ੍ਹਾਵਾਂ ਮੈਂ?

ਦਿਲ ਦੀ ਬਲਦੀ ਅਰਥੀ ਨੂੰ,
ਕੈਸੇ ਮੋਹ ਦੀ ਗੰਗਾ ਵਿਚ, ਸੁੱਟ ਆਵਾਂ ਮੈਂ?

ਦੇਹ ਤਾਂ ਮਿੱਟੀ ਹੋਈ ਏ,
ਸੜ ਗਏ ਚਾਵਾਂ ਨੂੰ, ਕਿੱਥੇ ਦਫ਼ਨਾਵਾਂ ਮੈਂ?

ਦ੍ਰਿਸ਼ਟੀ ਮੇਰੀ ਅੰਨ੍ਹੀ ਹੋ ਗਈ,
ਇਹਨਾਂ ਹੰਝੂਆਂ ਨੂੰ, ਕਿਸ ਰੰਗ ਦਾ ਕੱਜਲ ਪਾਵਾਂ ਮੈਂ?

ਹਾਸਿਆਂ ਮੇਰਿਆਂ ਮੌਨ ਧਾਰਿਆ,
ਮਘਦੇ ਗ਼ਮਾਂ ਨੂੰ, ਕਿਵੇਂ ਠੰਢ ਪਹੁੰਚਾਵਾਂ ਮੈਂ?


ਮਨ ਦਾ ਦੀਪਕ ਪਾਪੀ ਹੋਇਆ,
ਦੱਸੋਂ ਕਿਸ ਥਾਓਂ ਸ਼ੁੱਧੀਕਰਨ ਕਰਾਵਾਂ ਮੈਂ?

ਦੁਨੀਆਂ ਇੱਕ ਥਾਂ ਅਟਕ ਗਈ ਏ,
ਦੱਸੋਂ ਮੇਰੀ ਸੁਰਤ ਨੂੰ ਕਿੰਝ ਟਿਕਾਵਾਂ ਮੈਂ?



**ਦਲਜੀਤ ਕੌਰ**
**ਬੀ. ਏ. ਦੂਜਾ ਸਾਲ**

# ਗਾਵਾਲ਼ਾ





ਤਰਨ ਕੌਰ
ਬੀ. ਪੀ. ਟੀ.
ਦੂਜਾ ਸਾਲ

# ਮੁਹੱਬਤ

ਮੁਹੱਬਤ ਨਹੀਓ ਮਿਲਦੀ,
ਜਾਣ ਨਾਲ ਗੁਰੂਆਂ-ਪੀਰਾਂ ਤੋਂ,
ਸੱਚਾ ਆਸ਼ਕ ਵੀ ਜਿੱਤ ਜਾਂਦਾ,
ਹੱਥ ਦੀਆਂ ਲਕੀਰਾਂ ਤੋਂ,
ਰੁੱਸ ਕੇ ਬਹਿ ਜਾਂਦਾ ਵਿਚਾਰਾ,
ਇਹਨਾਂ ਮੱਥੇ ਦੀਆਂ ਤਕਦੀਰਾਂ ਤੋਂ,
ਮਿਲਜੇ ਕੋਈ ਸਾਨੂੰ ਵੀ ਦੁਆ,
ਕਿਸੇ ਮਸਜਿਦ ਦੇ ਫਕੀਰਾਂ ਤੋਂ,
ਦਿਲ ਦਾ ਸਾਡਾ ਦਰਦ ਮੁੱਕ ਜੇ,
ਤੇ, ਰਾਹਤ ਮਿਲਜੇ ਪੀੜਾਂ ਤੋਂ,
ਕਿਓਂਕਿ ਹਾਸੇ ਨਹੀਂਓਂ ਮਿਲਦੇ ਹੱਸਦੀਆਂ ਤਸਵੀਰਾਂ ਤੋਂ,
ਲਈਆਂ ਹੱਸਦੀਆਂ ਤਸਵੀਰਾਂ ਤੋਂ-----।

**ਹਰਸ਼ਦੀਪ ਕੌਰ**
**ਬੀ. ਏ. ਦੂਜਾ ਸਾਲ**



# ਕਿੱਥੇ ਡੁੱਬ ਮਰਾਂ

ਕੀ ਕਰਾਂ ਦੱਸ ਕਿੱਥੇ ਡੁੱਬ ਮਰਾਂ
ਕਦੀ ਤਪਦੀ ਰੇਤ 'ਚ ਸੜਾਂ
ਤੇ ਕਦੀ ਅੱਧੀ ਰਾਤ ਨੂੰ
ਕੱਚਾ ਘੜਾ ਧਰਾਂ

ਕਦੀ ਸਾਹਿਬਾ ਬਣ ਤੀਰਾਂ ਪਿੱਛੇ ਬਦਨਾਮ ਹੋਈ
ਕਦੀ ਚੂਰੀਆਂ ਖਵਾ ਹੀਰ ਸ਼ਰੇਆਮ ਹੋਈ
ਕੋਈ ਰਾਂਝਾ ਨਾ ਬੋਲੇ
ਕੋਈ ਮਿਰਜ਼ਾ ਨਾ ਬੋਲੇ
ਹਰ ਗਲੀ-ਮੁਹੱਲੇ ਕਿਤਾਬਾਂ 'ਚ
ਹੀਰ ਸਾਹਿਬਾ ਦੀ ਬਦਨਾਮੀ ਬੋਲੇ
ਮਿਰਜ਼ਾ ਰਾਂਝਾ ਵੀ ਤੇ ਨਾਲ ਸੀ
ਫਿਰ ਹੀਰ ਸਾਹਿਬਾਂ ਹੀ ਕਿਉਂ ਬਦਨਾਮ ਹੋਈ
ਕਦੇ ਚੂਰੀ ਤੇ ਕਦੇ ਤੀਰਾਂ ਕਰਕੇ ਸ਼ਰੇਆਮ ਹੋਈ

ਸ਼ਾਇਨਾ ਰਾਜ
ਬੀ. ਏ. ਪਹਿਲਾ ਸਾਲ



# ਤੂੰ ਦਸ ਪੜ੍ਹੇਗੀ ਨਾ

ਮੈਂ ਜ਼ਿੰਦਗੀ ਦੇ ਦੁੱਖ ਲਿਖੇ,
ਆਪਣੀ ਡਾਇਰੀ ਦੇ ਕੋਰੇ ਪੰਨਿਆਂ ‘ਤੇ
ਮੈਂ ਲਿਖਾਂਗਾਂ ਆਪਣੀਆਂ ਪੀੜਾਂ,
ਤੂੰ ਦਸ ਪੜ੍ਹੇਗੀ ਨਾ

ਜਿਹੜੇ ਮੌੜ 'ਤੇ ਆ ਕੇ ਆਪਣੇ,
ਬੇਗਾਨੇ ਬਣ ਸਾਥ ਛਡ ਜਾਂਦੇ ਨੇ
ਤੂੰ ਉਡੀਕ ਕਰ ਮੇਰੀ ਤੂੰ ਓਥੇ,
ਮੇਰੇ ਨਾਲ ਖੜੇਗੀ ਨਾ

ਮੈਂ ਆਪਣੇ ਸੁਨਹਿਰੀ ਪਲ਼ ਦੁਨੀਆਂ ਦੀ
ਖਿਦਮਤ 'ਚ ਲਾ ਦਿੱਤੇ ਨੇ
ਹੁਣ ਨਾ ਵਕਤ ਜਾਇਆ ਕਰੀਂ,
ਮੇਰੇ ਨਾਲ ਅੱਗੇ ਤੋਂ ਲੜੇਗੀ ਨਾ

ਨਾਲ ਬੈਠ ਮੇਰੇ ਮਾਰ ਮਿਹਣਾ
ਅਸਲਾਂ ਤੇ ਵਸਲਾ ਦੀ ਝੂਠੀ ਦੁਨੀਆਂ ਨੂੰ
ਮੈਂ ਹਿਜਰ ਦੀ ਧੁੱਪ ‘ਚ ਖੜੂੰ ਤੇਰੇ ਲਈ
ਤੂੰ ਹੱਥੀ ਛਾਵਾਂ ਕਰੇਗੀ ਨਾ

ਮੈਂ ਬਿਆਨੇ ਭਰਦੂ, ਹਰਜਾਨੇ ਭਰਦੂ
ਤੇ ਦਿਲ ਦੀਆਂ ਫਰਦਾਂ ‘ਤੇ
ਆਪਣੇ ਪੱਖ 'ਚ ਦਸਤਖਤ ਚਾਹਾਂ ਤੇਰੇ
ਦੱਸ ਸਖੀਏ ਨੀਂ ਕਰੇਗੀ ਨਾ



ਸ਼ੇਰਾ ਸਿੰਘ
ਐੱਮ. ਏ. ਮਿਊਜ਼ਕ

# ਮੇਰਾ ਘਰ





ਅਮਨਦੀਪ ਕੌਰ
ਬੀ. ਏ. ਦੂਜਾ ਸਾਲ

# ਜਿੰਦ ਵਾਰ ਦੇਣੀ ਮੈਂ

ਤੇਰੇ ਹਾਸੇ ਦੇ ਬਦਲੇ ਤੇਰੇ ਪਿਆਰ ਦੇ ਬਦਲੇ
ਜਿੰਦ ਵਾਰ ਦੇਣੀ ਮੈਂ ਇੱਕੋ ਯਾਰ ਦੇ ਬਦਲੇ

ਨਿੱਤ ਕੂਕ ਪਾਉਂਦੀ ਹੈ ਜਿਹੜੀ ਵੈਣ ਪਾਉਂਦੀ ਹੈ
ਉਹਨੂੰ ਜ਼ੁਅਤ ਨਹੀਂ ਕੋਈ ਕਿਹੜੀ ਖਾਰ ਦੇ ਬਦਲੇ
ਤੇਰੇ ਹਾਸੇ ਦੇ ਬਦਲੇ ਤੇਰੇ ਪਿਆਰ ਦੇ ਬਦਲੇ
ਜਿੰਦ ਵਾਰ ਦੇਣੀ ਮੈਂ ਇਕੋ ਯਾਰ ਦੇ ਬਦਲੇ

ਉਹਨੂੰ ਸਮਝ ਨਾ ਆਵੇ, ਸਮਝਾਵੇ ਨਾ ਕੋਈ
ਜਿੰਨੀ ਕਰਕ ਕਾਲਜੇ 'ਚ ਇੰਝ ਤੜਫਾਵੇ ਨਾ ਕੋਈ
ਜਿਹੜੀ ਨਿੱਤ ਦੌੜਦੀ ਏ ਜਿੱਤ ਤੇ ਹਾਰ ਦੇ ਬਦਲੇ
ਤੇਰੇ ਹਾਸੇ ਦੇ ਬਦਲੇ ਤੇਰੇ ਪਿਆਰ ਦੇ ਬਦਲੇ
ਜਿੰਦ ਵਾਰ ਦੇਣੀ ਮੈਂ ਇਕੋ ਯਾਰ ਦੇ ਬਦਲੇ

ਜਿੰਨਾਂ ਦੇ ਨੈਣ ਤਿੱਖੇ ਨੇ, ਤੇ ਜੀਭਾ ਸ਼ਰਬਤੀ
ਝਲਕ ਨਾਲ ਮੋਹ ਲੈਂਦੇ ਨੇ ਲੋੜ ਨਾ ਕੋਈ ਹਰਫ਼ ਦੀ
ਕੰਨ ਤਰਸ ਪੈਂਦੇ ਨੇ ਉਹਦੀ ਗੁਹਾਰ ਦੇ ਬਦਲੇ
ਤੇਰੇ ਹਾਸੇ ਦੇ ਬਦਲੇ ਤੇਰੇ ਪਿਆਰ ਦੇ ਬਦਲੇ
ਜਿੰਦ ਵਾਰ ਦੇਣੀ ਮੈਂ ਇਕੋ ਯਾਰ ਦੇ ਬਦਲੇ



ਸਹਿਬਾਜਦੀਪ ਸਿੰਘ ਗੁਲਸ਼ਨ
ਐੱਮ. ਏ. ਪੰਜਾਬੀ

# ਤੇਰਾ ਖ਼ਿਆਲ

ਸੁਫ਼ਨੇ ਵਿਚ ਜੇ ਤੂੰ ਆ ਜਾਵੇ
ਸੁਫ਼ਨਿਆਂ ਨੂੰ ਸੰਜੋਆਂ ਮੈਂ
ਯਾਦ ਤੇਰੀ ਆ ਜਾਵੇ ਤਾਂ
ਨੁੱਕਰੇ ਬਹਿ ਬਹਿ ਰੋਵਾਂ ਮੈਂ

ਨੀਂਦ ਸੁਕੂਨ ਖੋਇਆ ਮੈਂ
ਨਾ ਜਾਣੇ ਹੁਣ ਕਿ ਖੋਵਾਂ ਮੈਂ
ਤੂੰ ਮੇਰੀ ਸੀ ਮੈਂ ਤੇਰਾ ਸਾਂ
ਨਾ ਜਾਣੇ ਕਿਸਦਾ ਹੋਵਾਂ ਮੈਂ

ਤੇਰੀ ਦੀਦ ਨੂੰ ਅੱਖਾਂ ਤਰਸਣ
ਨਾ ਜਾਣੇ ਕਿਸ ਮੋੜ ਖਲੋਵਾਂ ਮੈਂ
ਤੂੰ ਮਿਲ ਜਾਵੇ ਤਾਂ ਰੱਬ ਮਿਲ ਜਾਏ
ਇਸ ਖ਼ਿਆਲ ਨੂੰ ਨਿੱਤ ਢੋਵਾਂ ਮੈਂ

**ਅਰਚਿਤ ਪਾਂਡੇ**
**ਬੀ. ਏ.**



# ਬੀਤ ਗਏ 'ਤੇ ਰੋਣਾ ਕੀ

ਓਸ ਤੋਂ ਫਿਰ ਲੁਕਾਉਣਾ ਕੀ
ਬੀਤ ਗਏ 'ਤੇ ਰੋਣਾ ਕੀ
ਚਲੇ ਗਏ ਨੇ ਫਿਰ ਮੁੜ ਆਉਣਾ ਕੀ
ਟੁੱਟੇ ਸੁਪਨਿਆਂ ਦਾ ਫਿਰ ਹੋਣਾ ਕੀ
ਓਸ ਤੋਂ ਫਿਰ ਲੁਕਾਉਣਾ ਕੀ
ਬੀਤ ਗਏ 'ਤੇ ਰੋਣਾ ਕੀ

ਖ਼ਾਲੀ ਕਿਤਾਬ ਨੂੰ ਭਰਨਾ ਕੀ
ਉਹਦੇ ਹਿਸਾਬ ਨਾਲ ਮਰਨਾ ਕੀ
ਉਹਦੇ ਲਈ ਮੈਂ ਕੁਝ ਵੀ ਨੀ
ਇੰਨਾ ਕੁਝ ਕੀਤਾ ਮੈਂ ਓਹਦੇ ਲਈ
ਕਹਿੰਦੇ ਤੂੰ ਮੇਰੇ ਲਈ ਕੀਤਾ ਕੀ
ਓਸ ਤੋਂ ਫਿਰ ਲੁਕਾਉਣਾ ਕੀ
ਬੀਤ ਗਏ 'ਤੇ ਰੋਣਾ ਕੀ

ਮੈਂ ਰਾਤ ਰਾਤ ਭਰ ਸੌਂਦਾ ਨੀ
ਓਹਦੀਆਂ ਯਾਦਾਂ ਨੂੰ ਮੈਂ ਭੁਲਾਉਣਾ ਕੀ
ਇਕੱਲੇ ਬਹਿਣਾ ਹੁਣ ਆਦਤ ਹੋ ਗਈ
ਕਿਸੇ ਦੇ ਕੋਲ ਹੋਕੇ ਵੀ ਫਿਰ ਹੋਣਾ ਕੀ
ਓਸ ਤੋਂ ਫਿਰ ਲੁਕਾਉਣਾ ਕੀ
ਬੀਤ ਗਏ 'ਤੇ ਰੋਣਾ ਕੀ?



ਅਨੂਰ ਮਹਿਗੇੜਾ
ਬੀ. ਏ. ਇੰਗਲਿਸ਼ ਆਨਰਜ਼
ਦੂਜਾ ਸਾਲ

# ਖ਼ਯਾਲ਼ਾਂ ਦਾ ਘਰ





ਨਵਜੋਤ ਕੌਰ
ਬੀ. ਪੀ. ਟੀ.
ਦੂਜਾ ਸਾਲ

# ਮਾਹੀ ਕਰਕੇ

ਗੁੱਤ ਪਰਾਂਦੀ ਪਾਉਂਦੀ ਆ ਮੈਂ
ਹੋਰ ਕੀਹਦੇ ਲਈ ਮਾਹੀ ਕਰਕੇ
ਸੁਰਖ਼ੀ ਬਿੰਦੀ ਲਾਉਂਦੀ ਆ ਮੈਂ
ਹੋਰ ਕੀਹਦੇ ਲਈ ਮਾਹੀ ਕਰਕੇ
ਨੈਣੀਂ ਕੱਜਲ ਪਾਉਂਦੀ ਆ ਮੈਂ
ਹੋਰ ਕੀਹਦੇ ਲਈ ਮਾਹੀ ਕਰਕੇ
ਸ਼ਾਇਰ ਨੂੰ ਮਨਾਉਂਦੀ ਆ ਮੈਂ
ਹੋਰ ਕੀਹਦੇ ਲਈ ਮਾਹੀ ਕਰਕੇ
ਸ਼ਾਇਰੀ ਖ਼ੂਬ ਕਢਾਉਂਦੀ ਆ ਮੈਂ
ਹੋਰ ਕੀਹਦੇ ਲਈ ਮਾਹੀ ਕਰਕੇ

ਲਵਜੀਤ ਸ਼ਰਮਾ
ਬੀ. ਵੋਕ. ਤੀਜਾ ਸਾਲ




# ਨਿੱਤ ਸੁਪਨਿਆਂ ਵਿਚ

ਨਿੱਤ ਸੁਪਨਿਆਂ ਵਿਚ,
ਉਹ ਮੇਰੇ ਨਾਲ ਹੁੰਦੀ,
ਪਰ ਵਿਚ ਹਕੀਕਤ,
ਮੇਰੇ ਤੋਂ ਦੂਰ ਏ,
ਓਹਦੇ ਨਾਲ ਰਹਿਣ ਦੇ,
ਖ਼ਾਬ ਦੇਖਦਾ ਰਾਤਾਂ ਨੂੰ,
ਦਿਨ ਚੜ੍ਹੇ ਨੂੰ ਕਰ ਦਿੰਦੀ,
ਚਕਣਾ-ਚੂਰ ਏ,
ਕਹਿੰਦੀ ਏ ਮੈਂ ਤੇਰੀ,
ਹੋਈ ਨਹੀਂ ਸਕਦੀ,
ਰੱਬ ਜਾਣੇ ਉਹ,
ਕਿੰਨੀ ਕੁ ਮਜ਼ਬੂਰ ਏ,
ਚੰਨ ਵੀ ਉਹਨੂੰ,
ਦੇਖਣ ਨੂੰ ਚੜ੍ਹਦਾ,
ਏਨਾਂ ਓਹਦੇ ਚਿਹਰੇ ਦਾ ਨੂਰ ਏ,
ਮੈਂ ਵੀ ਬੈਠਾ ਤੱਕੀ ਜਾਵਾਂ ਉਹਨੂੰ,
ਓਹਦੀ ਸੂਰਤ ਸੀਰਤ ਦਾ,
ਏਨਾਂ ਦਿਲ ਮੇਰੇ 'ਤੇ ਸਰੂਰ ਏ,
ਲਿਖਣਾ ਮੇਰਾ ਓਹਦੀ ਸਾਦਗੀ 'ਤੇ,
ਪਸੰਦ ਵੀ ਏ ਓਹਨੂੰ,
ਕਹਿੰਦੀ ਲਿਖਦਾ ਰਿਹਾ ਕਰ
ਜਸ਼ਨ ਸਿਓਂ ਸੋਹਣਾ ਲਿਖਦਾ ਏ,
ਹੋ ਜਾਣਾ ਤੂੰ ਛੇਤੀ ਮਸ਼ਹੂਰ ਏ।



**ਜਸ਼ਨਪ੍ਰੀਤ ਸਿੰਘ**
**ਬੀ. ਏ. ਦੂਜਾ ਸਾਲ**

# ਦੁੱਧੀਆ ਝਰਨਾ (ਡੀਜ਼ੀਟਲ ਆਰਟ)



ਦਮਨਪ੍ਰੀਤ ਸਿੰਘ
ਬੀ. ਏ. ਦੂਜਾ ਸਾਲ



# ਜ਼ਿੰਦਗੀ ਦੀਆਂ ਤੰਦਾਂ

ਕੌੜੇ ਘੁੱਟਾਂ ਵਾਂਗੂੰ ਪੀ ਕੇ ਸਮੇਂ ਬਿਤਾਏ ਨੇ
ਸੱਪਾਂ ਤੋਂ ਵੱਧ ਜ਼ਹਿਰੀ ਬੰਦੇ ਗਲ਼ ਲਾਏ ਨੇ

ਖ਼ੁਸ਼ੀਆਂ ਦੇ ਸੌਦਾਗਰ ਬਣਕੇ ਉਕੇਰੀਏ ਰੀਝਾਂ ਨੂੰ
ਜ਼ਿਦਗੀ ਖ਼ੂਬਸੂਰਤ ਦਿਸਦੀ ਲਾ ਕੇ ਵੇਖ ਨੀਝਾਂ ਨੂੰ

ਟੁੱਟਣਾ, ਡਿੱਗਣਾ, ਉੱਠਣਾ, ਚੱਲਣਾ, ਭੱਜਣਾ, ਉੱਡਣਾ ਜੀ
ਜੋ ਬੀਜਣਾ, ਪੁੰਗਰਣਾ, ਸਾਂਭਣਾ, ਅੰਤ ਉਹੀ ਵੱਢਣਾ ਜੀ

ਰੱਬ ਦੇ ਹੁਕਮੀਂ ਹੁੰਦੇ ਏਥੇ ਮਿਲਣ ਵਿਛੋੜੇ ਜੀ
ਤੇ ਆਪੇ ਜੋੜੇ ਸੱਚੜਾ ਤੇ ਉਹ ਆਪੇ ਤੋੜੇ ਜੀ

ਜ਼ਿੰਦਗੀ ਦੀਆਂ ਤੰਦਾਂ ਸੱਚੀਂ ਬੜੀਆਂ ਅਜ਼ੀਜ਼ ਨੇ
ਓਹੀ ਸਮਝਣ ਇਹਨੂੰ ਜੋ ਪਿਆਰਾਂ ਦੇ ਮਰੀਜ਼ ਨੇ

**ਸਤਿੰਦਰ ਕੌਰ**
**ਬੀ. ਏ. ਦੂਜਾ ਸਾਲ**



# ਸੱਜਣਾ ਨਾਲ ਨਈਂ ਝਗੜੇ

ਆਪਣੇ ਆਪਣੇ ਦੁੱਖ ਨੇ ਲੋਕੋ, ਆਪਣੇ ਆਪਣੇ ਝਗੜੇ
ਚੇਤੇ ਰਾਤ ਗੁਨਾਹ ਸਭ ਕਰਕੇ ਰੋ ਰੋ ਮੱਥੇ ਰਗੜੇ

ਸਾਂਭ ਲੈ ਹੁਣ ਤਾਂ ਵੇਲਾ ਹੱਥੀਂ ਵੇਲਾ ਮੁੜ ਨਈਂ ਆਉਂਦਾ
ਬੇ ਮਤਲਬ ਤੋਂ ਸੱਜਣਾ ਚੰਗੇ, ਸੱਜਣਾ ਨਾਲ ਨਈਂ ਝਗੜੇ

ਚੰਦ ਸਿੱਕਿਆਂ ਦੇ ਪਿੱਛੇ ਭੁੱਲਿਆ, ਯਾਦ ਈ ਤੇਰੀ ਖਾਤਰ
ਜਿੱਥੇ ਨਈਂ ਸੀ ਬਣਦਾ ਮੱਥੇ ਉੱਥੇ ਵੀ ਜਾ ਰਗੜੇ

ਜੇਕਰ ਕੋਈ ਸ਼ਿਕਵਾ ਬਹਿ ਕੇ, ਆ ਨਬੇੜੀਏ ਵੀਰਾ
ਕੱਲਿਆਂ ਕੱਲਿਆਂ ਚੁੱਪ ਰਹਿ ਕੇ ਇਉਂ ਸੁਲਝੇ ਕਦ ਨੇ ਝਗੜੇ

ਗੁਰਜਿੰਦਰ ਸ਼ਾਹ
ਐੱਮ. ਏ. ਪੰਜਾਬੀ



# ਰਾਹ ਤੇ ਰਾਹੀ

ਤੁਰਿਆ ਜਾਵਾਂ ਕੱਲਾ ਕੱਲਾ,
ਲੋਕੀ ਕਹਿੰਦੇ ਮੈਨੂੰ ਝੱਲਾ,
ਸਭ ਨੇ ਹੀ ਮੁੱਖ ਮੋੜੇ ਮੈਥੋਂ,
ਅੱਡਿਆ ਸੀ ਜਦ ਆਪਣਾ ਪੱਲਾ,
ਕੀ ਕੁਝ ਮੇਰੇ ਅੰਦਰ ਵੱਸਦਾ,
ਜਿੰਨਾ ਨੇ ਮਚਾਈ ਤਬਾਹੀ,
ਮੰਜ਼ਿਲਾਂ ਮੇਰੇ ਅੰਦਰੇ ਲੁਕੀਆਂ,
ਮੈਂ ਹੀ ਰਾਹ ਤੇ ਮੈਂ ਹੀ ਰਾਹੀ।

ਪਾਇਆ ਕੁੜਤਾ ਨੀਲੇ ਰੰਗ ਦਾ,
ਚਿੱਟਾ ਪਜ਼ਾਮਾ ਪਾਇਆ ਮੈਂ,
ਸਮਝ ਨਾ ਆਉਂਦੀ ਇਸ ਜੱਗ ਉੱਤੇ,
ਕੀ ਕਰਨੇ ਲਈ ਆਇਆ ਮੈਂ,
ਖੁਦ ਹੀ ਬੋਲਾਂ ਖੁਦ ਹੀ ਸੁਣਲਾਂ,
ਕਰਾਂ ਖੁਦ ਹੀ ਵਾਹੀ-ਵਾਹੀ ,
ਮੰਜ਼ਿਲਾਂ ਮੇਰੇ ਅੰਦਰੇ ਲੁਕੀਆਂ,
ਮੈਂ ਹੀ ਰਾਹ ਤੇ ਮੈਂ ਹੀ ਰਾਹੀ।

ਦੂਰ ਦੁਰਾਢੇ ਰਾਹ ਉੱਤੇ,
ਨਾ ਦਿਸਦਾ ਚਾਰ ਚੁਫੇਰੇ ਕੋਈ,
ਬਾਹਰੋਂ ਤਾਂ ਸਭ ਚਾਨਣ ਦਿਸਦਾ,
ਮੇਰੇ ਅੰਦਰ ਵਸੇ ਹਨੇਰੇ ਕੋਈ,
ਚਾਲ ਵੀ ਬਦਲੀ ਢੰਗ ਬਦਲ ਗਏ,
ਜਦ ਮੈਂ ਬਾਹਰੀ ਸੂਰਤ ਲਾਹੀ,
ਮੰਜ਼ਿਲਾਂ ਮੇਰੇ ਅੰਦਰੇ ਲੁਕੀਆਂ,
ਮੈਂ ਹੀ ਰਾਹ ਤੇ ਮੈਂ ਹੀ ਰਾਹੀ।

ਗੱਲ ਕਰਦਾਂ ਮੈਂ ਜਿਸ ਮੈਂ ਦੀ,
ਉਹ ਰੋਮ-ਰੋਮ ਵਿਚ ਰੱਚਿਆ ਏ,
ਮੈਨੂੰ ਦੱਸ ਜਾਂਦਾ ਮੇਰੇ ਮਨ ਵਿਚ ਆਕੇ,
ਤੇਰੇ ਅੰਦਰ ਭਾਂਬੜ ਮਚਿਆ ਏ,
ਮੈਂ ਮਾਲਕ ਦਾ ਹੀ ਇੱਕ ਕਤਰਾ ,
ਸਭ ਖੇਡ ਹੀ ਰੱਬ ਰਚਾਈ,
ਮੰਜ਼ਿਲਾਂ ਮੇਰੇ ਅੰਦਰੇ ਲੁਕੀਆਂ,
ਮੈਂ ਹੀ ਰਾਹ ਤੇ ਮੈਂ ਹੀ ਰਾਹੀ।



**ਇੰਦਰਜੀਤ ਸਿੰਘ**
**ਐੱਮ. ਏ. ਪੰਜਾਬੀ**

# ਕੋਈ ਤਰਖਾਣ ਹੀ ਲਗਦੈ

ਹੈ ਸੁਨਿਆਰ ਜਾਂ ਲੁਹਾਰ ਕੋਈ, ਸੱਟ ਲਾਉਂਦਾ ਜੋ ਮਨੀ ਕੁਲਾਬਾਂ ਨੂੰ
ਕੋਈ ਤਰਖਾਣ ਹੀ ਲਗਦੈ, ਜਿਸ ਆਰੀ ਫੇਰ ਦਿੱਤੀ ਮੇਰੇ ਖ਼ਾਬਾਂ ਨੂੰ।

ਜਿਸ ਖੱਲ ਮੇਰੀ ਨੂੰ ਰੰਦੇ ਨਾਲ ਛਿੱਲਿਆ, ਰੂਹ ਨੂੰ ਤੇਸਾ ਲਾਇਆ ਏ
ਪਿਉ ਦਾਦੇ ਦਾ ਚੰਡਿਆ ਲੱਗਦੈ, ਰੇਤਾ ਫੇਰਿਆ ਦਿਲੀਂ ਗੁਲਾਬਾਂ ਨੂੰ।

ਅੱਖੀਆਂ ਨੂੰ ਨਾਲ ਚੌਰਸੀ ਟੁੰਬਿਆ, ਤੇ ਕੇਸਾਂ ਦਾ ਜਾਲਾ ਬੁਣਿਆ ਜੀ
ਨਾਲ ਸ਼ਿਕੰਜੇ ਹੱਢਾਂ ਨੂੰ ਕੱਸਿਆ, ਤੇ ਗੁਣੀਆ ਲਾਏ ਲਬੀਂ ਰਬਾਬਾਂ ਨੂੰ।

ਵਿਚ ਬਾਜ਼ਾਰ ਮੈਨੂੰ ਪੁੱਠਾ ਟੰਗਿਆ, ਤੇ ਦਾਮ ਲਾਇਆ ਆਨੇ ਖੋਟੇ ਦਾ
ਨਾਲ ਜੰਮੂਰ ਮੇਰੇ ਨੂੰਹਾਂ ਨੂੰ ਪੁੱਟਿਆ, ਲਹੂ ਰੋੜਿਆ ਵੱਲ ਝਨਾਬਾਂ ਨੂੰ।

ਮੈਨੂੰ ਮੁਕਾ 'ਤਾ ਮੇਰੀ ਮੈਂ ਮੁਕਾ 'ਤੀ, ਮੁਕਾਇਆ ਐਬਾਂ ਪੰਜ ਵਿਕਾਰਾਂ ਨੂੰ
ਹੈ ਸੁਲਤਾਨ ਜਾਂ ਕੋਈ ਪੀਰ ਪੈਗ਼ੰਬਰ, ਨੱਥ ਪਾਈ ਜਿਸ ਹਿਸਾਬਾਂ ਨੂੰ।

ਜਾਹ ਪ੍ਰੀਤਾ ਉਹਨੂੰ ਮਜ਼ਬ 'ਚ ਗਿਣਦਾ, ਤੇ ਮੁਹੱਬਤੀ ਹੋਕਾ ਲਾਉਂਦਾ ਏ
ਅੰਮ੍ਰਿਤ ਬਾਟਾ ਉਂਝ ਛਕਣਾ ਚਾਹੁੰਦੈ, ਤੇ ਹੱਥ ਪਾਉਂਦਾ ਫਿਰੇ ਸ਼ਰਾਬਾਂ ਨੂੰ।

ਹੈ ਸੁਨਿਆਰ ਜਾਂ ਲੁਹਾਰ ਕੋਈ, ਸੱਟ ਲਾਉਂਦਾ ਜੋ ਮਨੀ ਕੁਲਾਬਾਂ ਨੂੰ
ਕੋਈ ਤਰਖਾਣ ਹੀ ਲਗਦੈ, ਜਿਸ ਆਰੀ ਫੇਰ ਦਿੱਤੀ ਮੇਰੇ ਖ਼ਾਬਾਂ ਨੂੰ।

**ਪ੍ਰੀਤ ਸਿੰਘ ਭੈਣੀ**
**ਐੱਮ. ਏ. ਪੰਜਾਬੀ.**



# ਮੇਰੇ ਚੰਨ

ਮੇਰੇ ਚੰਨ, ਗੱਲ ਤੇ ਮੰਨ,
ਅੱਖਾਂ ਦੀ ਸਾਨੂੰ ਕੈਦ ਬਖ਼ਸ਼ਦੇ,
ਨਾਲ਼ੇ ਜ਼ੁਲਫ਼ਾਂ ਅੰਦਰ ਬੰਨ੍ਹ।
ਮੇਰੇ ਚੰਨ।

ਮੇਰੇ ਮਣਾਂ ਪਿਆਰ ਦੇ ਬਦਲੇ
ਤੂੰ ਦੇਦੇ ਇਸ਼ਕ ਦੀ ਰੱਤੀ ਵੇ
ਕਬੂਲ ਫੁਰਮਾਓ ਇਸ਼ਕ ਅਸਾਡਾ
ਅਸਾਂ ਇਹੀ ਖ਼ਾਹਿਸ਼ ਘੱਤੀ ਵੇ
ਮੋਏ ਗਏ ਹਾਂ ਇਸ਼ਕ ਦੇ ਅੰਦਰੇ
ਸਾਡੀ ਸਮੋਹਣ ਹੋਈ ਮੱਤੀ ਵੇ
ਕੀ ਪ੍ਰਵਾਨ ਕਰਨ ਕੋਈ ਨਾ ਕਾਰਨ
ਤੋੜਨ ਲਈ ਬਹਾਨੇ ਛੱਤੀ ਵੇ
ਮੈਂ ਤਾਂ ਮੰਨੂੰ ਰੱਬ ਮੰਨ ਗਿਆ
ਜੇ ਮੰਨ ਜਾਏ ਮੇਰੀ ਸੱਤੀ ਵੇ।

ਇਸ਼ਕ ਨੂੰ ਰੱਖੂੰ ਲੁਕਾ ਕੇ ਸਭ ਤੋਂ,
ਕੋਈ ਲੱਗਣ ਨਾ ਦੇਊਂ ਸੰਨ੍ਹ
ਮੇਰੇ ਚੰਨ, ਗੱਲ ਤੇ ਮੰਨ।

ਕਰਮਾਂ ਵਾਲਿਓ ਸੱਜਣ ਦੱਸੋ,
ਕੀ ਗੁਨਾਹ ਅਸਾਂ ਨੇ ਕੀਤਾ ਏ
ਤੁਸੀਂ ਤਾਂ ਹੀ ਰਹਿਬਰ ਹੋ ਸਾਡੇ

ਤੁਹਾਡਾ ਨਾਮ ਪਿਆਲਾ ਪੀਤਾ ਏ
ਮੈਂ ਇੱਕ ਇੱਕ ਟਾਂਕਾਂ ਲਾ ਲਾ ਕੇ
ਵੇ ਸਬਰਾਂ ਦਾ ਚੋਗਾ ਸੀਤਾ ਏ
ਤੁਸੀਂ ਮੇਰੇ ਮਹਿਰਮ ਮਿਹਰਬਾਨ ਹੋ
ਮੇਰਾ ਜਾਮਾ ਕਾਫ਼ੀ ਪਲੀਤਾ ਏ
ਮੈਂ ਮੌਤ ਦੀ ਸਰਦਲ ਖੜਿਆ ਹਾਂ,
ਤੁਧ ਬਿਨਾਂ ਨਾ ਜਾਇਆ ਜੀਤਾ ਏ।

ਸਾਡੇ ਹਾਸੇ ਦੀ ਵਜ੍ਹਾ ਹੀ ਬਣ ਜੋ,
ਸਭ ਦੁੱਖੜੇ ਦਿਓ ਜੀ ਭੰਨ
ਮੇਰੇ ਚੰਨ, ਗੱਲ ਤੇ ਮੰਨ।

ਸਾਹਿਬਜੀਤ ਸਿੰਘ
ਐਮ. ਏ. ਪੰਜਾਬੀ.
ਪਹਿਲਾ ਸਾਲ



# ਭਗਤ ਪੂਰਨਾ


ਭਗਤ ਪੂਰਨਾ ਪੂਰਨ ਤੂੰ ਕਰਮ ਕਰਕੇ
ਨਿਕਰਮਿਆਂ ਨੂੰ ਕਰਮ ਵਾਲੇ ਕਰ ਗਿਓਂ ਤੂੰ

ਘਰ ਘਾਟ ਨਹੀਂ ਜਿੰਨਾਂ ਦਾ ਕੋਈ ਹੈਗਾ
ਝੋਲੀ ਉਹਨਾਂ ਦੀ ਜ਼ਿੰਦਗੀ ਨਾਲ ਭਰ ਗਿਓਂ ਤੂੰ

ਤੁਰ ਤੁਰ ਜਾਂਵਦੇ ਚਾਅ ਦੇ ਨਾਲ ਲੋਕੀ
ਵੇਖ ਕੇ ਮਾਹੌਲ ਉਥੋਂ ਦਾ ਹੱਸਦੇ ਨੇ

ਧੰਨ ਓ ਨੇ ਜਿਹੜੇ ਉਥੇ ਕਰਮ ਕਰਦੇ
ਧੰਨ ਓ ਨੇ ਜਿਹੜੇ ਉਥੇ ਵੱਸਦੇ ਨੇ

**ਉਂਕਾਰ ਸਿੰਘ**
**ਐੱਮ. ਏ. ਪੰਜਾਬੀ**



# ਪੁੱਤ ਨੂੰ ਪਈ ਸ਼ਰਾਬਾਂ ਦੀ

ਪਇਆ ਹਰ ਪਾਸੇ ਐ ਸ਼ੋਰ,
ਕੈਸਾ ਆ ਗਿਆ ਹੈ ਦੌਰ,
ਕਾਹਨੂੰ ਕਰਲੇ ਚਿੱਤ ਕਠੋਰ,
ਸੱਜੀ ਮੜੀ ਖੁਆਬਾਂ ਦੀ,
ਵਿਹੜੇ ਵਿਚ ਅਰਥੀ ਪਿਉ ਦੀ
ਪੁੱਤ ਨੂੰ ਪਈ ਸ਼ਰਾਬਾਂ ਦੀ।

ਏ ਕੈਸੀ ਕਿਸਮਤ ਖੋਟੀ,
ਓਹਦੀ ਜੋੜੀ ਬੋਟੀ ਬੋਟੀ,
ਸਭ ਨੇ ਖਾਦੀ ਭੋਗ ਦੀ ਰੋਟੀ,
ਜਿਉਂ ਅਮੀਰ ਨਵਾਬਾਂ ਦੀ,
ਵਿਹੜੇ ਵਿਚ ਅਰਥੀ ਪਿਉ ਦੀ,
ਪੁੱਤ ਨੂੰ ਪਈ ਸ਼ਰਾਬਾਂ ਦੀ।

ਸਭ ਖੁੱਲ੍ਹ ਗਏ ਗੁੱਝੇ ਭੇਤ,
ਬੰਦਾ ਰਲ ਗਿਆ ਵਿਚੇ ਰੇਤ,
ਪਤਨੀ ਆਖੇ ਏਹ ਪ੍ਰੇਤ,
ਭੈੜੀ ਸ਼ਕਲ ਪਿੱਛੇ ਪਏ ਨਕਾਬਾਂ ਦੀ,
ਵਿਹੜੇ ਵਿਚ ਅਰਥੀ ਪਿਉ ਦੀ,
ਪੁੱਤ ਨੂੰ ਪਈ ਸ਼ਰਾਬਾਂ ਦੀ।

ਮੈਂ ਸੀ ਅੱਖਾਂ ਤੋਂ ਅੰਨ੍ਹਾ,
ਜਿਨਾਂ ਨੂੰ ਸੀ ਆਪਣਾ ਮੰਨਾ,
ਉਨ੍ਹਾਂ ਵੰਡ ਲਿਆ ਪੈਲੀ ਬੰਨਾਂ,
ਨਾ ਸੁਣਦੀ ਤਾਰ ਰਬਾਬਾਂ ਦੀ,
ਵਿਹੜੇ ਵਿਚ ਅਰਥੀ ਪਿਉ ਦੀ,
ਪੁੱਤ ਨੂੰ ਪਈ ਸ਼ਰਾਬਾਂ ਦੀ।

ਕਲਯੁਗ ਦਾ ਵੇਲਾ ਭਾਰੂ,
ਜੋ ਲੱਗਦਾ ਸੀਗਾ ਤਾਰੂ,
ਪਰ ੳ ਲੱਭਦਾ ਫਿਰਦਾ ਦਾਰੂ,
ਇੱਕ ਅਮਲੀ ਦੇ ਆਬਾਂ ਦੀ,
ਵਿਹੜੇ ਵਿਚ ਅਰਥੀ ਪਿਉ ਦੀ,
ਪੁੱਤ ਨੂੰ ਪਈ ਸ਼ਰਾਬਾਂ ਦੀ।

**ਸਤਨਾਮ ਸਿੰਘ ਵੇਰਕਾ**
**ਐਮ. ਏ. ਪੰਜਾਬੀ.**
**ਪਹਿਲਾ ਸਾਲ**



# ਕਿਤਾਬੀ ਇਸ਼ਕ

ਜਿਹਨੂੰ ਇਸ਼ਕ ਰੂਹਾਨੀ ਕਹਿੰਦੇ ਸੀ
ਹੁਣ ਕਿਤਾਬੀ ਰਹਿ ਗਿਆ ਏ
ਅੱਖਾਂ ਨਾਲ ਹੁਣ ਨੀ ਦਿਸਦਾ
ਬਸ ਖ਼ਵਾਬੀ ਰਹਿ ਗਿਆ ਏ

ਆਸ਼ਿਕ ਵੀ ਦਿਲ ਕਿੱਥੇ ਪੜਦਾ
ਸ਼ਕਲਾਂ ਦਾ ਹਿਸਾਬੀ ਰਹਿ ਗਿਆ ਏ
ਹੁਣ ਰੂਹਾਂ ਦੀ ਯਾਰੀ ਕਿੱਥੇ
ਜਿਸਮਾਂ ਦਾ ਆਦੀ ਰਹਿ ਗਿਆ ਏ

ਜਸ ਪੜ੍ਹਨਾ ਚਾਹੁੰਦਾ ਹੋਰ ਕਹਾਣੀ
ਸਮਾਂ ਮਿਆਦੀ ਰਹਿ ਗਿਆ ਏ
ਜਿਹਨੂੰ ਇਸ਼ਕ ਰੂਹਾਨੀ ਕਹਿੰਦੇ ਸੀ
ਹੁਣ ਕਿਤਾਬੀ ਰਹਿ ਗਿਆ ਏ।

ਜਸਕਰਨ ਸਿੰਘ
ਬੀ. ਐਸ. ਸੀ. ਫਜ਼ਿਕਸ



# ਹੁਣ ਨਹੀਂ ਕੁਝ ਹੋ ਸਕਦਾ

ਸਾਡੇ ਪਿੰਡ ਦੀ ਫਿਰਨੀ ਟੱਪ ਤੁਰੀ ਏ
ਹੁਣ ਨਹੀਂ ਕੁਝ ਹੋ ਸਕਦਾ

ਤੇਰਾ ਕੋਈ ਨਹੀਂ ਆਪਣਾ ਦੱਸ ਤੁਰੀ ਏ
ਹੁਣ ਨਹੀਂ ਕੁਝ ਹੋ ਸਕਦਾ

ਬੁੱਕਲ ਦੇ ਵਿਚ ਵੜ ਡੱਸ ਤੁਰੀ ਏ
ਹੁਣ ਨਹੀਂ ਕੁਝ ਹੋ ਸਕਦਾ

ਹੱਸ ਕਿੰਨਾਂ ਚਿਰ ਹੱਸਣ ਕਹਿਕੇ ਸੱਚ ਤੁਰੀ ਏ
ਹੁਣ ਨਹੀਂ ਕੁਝ ਹੋ ਸਕਦਾ

ਪਲ ਗੁਜ਼ਰਨਗੇ ਤੇਰੇ ਅਰਸੇ ਵਾਂਗ ਦੱਸ ਤੁਰੀ ਏ
ਹੁਣ ਨਹੀਂ ਕੁਝ ਹੋ ਸਕਦਾ

ਖ਼ੁਦਾ ਖ਼ੈਰ ਕਰੇ ਸ਼ੇਰੇ ਤੇਰੀ ਦਹਿਲੀਜ਼ ਵੀ ਟੱਪ ਤੁਰੀ ਏ
ਹੁਣ ਨਹੀਂ ਕੁਝ ਹੋ ਸਕਦਾ

**ਸ਼ੇਰਾ ਸਿੰਘ**
**ਐੱਮ. ਏ. ਮਿਊਜ਼ਕ**



# ਸਵਰਗ (ਡੀਜ਼ੀਟਲ ਆਰਟ)





ਦਮਨਪ੍ਰੀਤ ਸਿੰਘ
ਬੀ. ਏ. ਦੂਜਾ ਸਾਲ

# ਹਨੇਰਾ ਦਿਸਦਾ

ਹਨੇਰਾ ਦਿਸਦਾ ਜਿੱਧਰ ਜਾਵਾਂ
ਸਮਝ ਨਾ ਆਏ ਕਿੱਧਰ ਜਾਵਾਂ

ਅੰਦਰ ਇੱਕ ਲਕੀਰ ਖਿੱਚੀ ਏ
ਏਧਰ ਜਾਵਾਂ ਕਿ ਓਧਰ ਜਾਵਾਂ

ਯਾਰੜਾ ਤੇ ਬਾਪ ਦੋਏਂ ਪਿਆਰੇ
ਰੁਕ ਜਾਵਾਂ ਹੁਣ ਜਾਂ ਘਰ ਜਾਵਾਂ

ਹਰ ਦਰ ਤੋਂ ਹਾਂ ਟੁੱਟ ਕੇ ਆਈ
ਦੱਸੋ ਕਿ ਹੁਣ ਕਿਸ ਦਰ ਜਾਵਾਂ

ਮੇਰੀ ਜ਼ਿੰਦਗੀ ਜ਼ਿੰਦਗੀ ਨਾਹੀਂ
ਮੈਂ ਚਾਹਵਾਂ ਏਹੋ ਕਿ ਮਰ ਜਾਵਾਂ

ਮੈਨੂੰ ਰੋਂਦਿਆਂ ਦੇਖ ਰੋ ਪੈਂਦਾ ਹੈ
ਇਹ ਦੇਖਕੇ ਗੁੱਸਾ ਹਰ ਜਾਵਾਂ

'ਸਤਿੰਦਰੇ' ਨੀਂ ਜੋ ਤੇਰੇ ਆਪਣੇ
ਜਿੰਦ ਉਨ੍ਹਾਂ ਕਦਮੀਂ ਧਰ ਜਾਵਾਂ

ਚੰਗਾ ਜੱਗ ਮੈਨੂੰ ਵਿਗੜੀ ਦੱਸੇ
ਇੱਦਾਂ ਕਰਾਂ ਹੁਣ ਸੁਧਰ ਜਾਵਾਂ।



**ਸਤਿੰਦਰ ਕੌਰ**
**ਬੀ. ਏ. ਦੂਜਾ ਸਾਲ**

# ਕਾਸ਼! ਮੈਂ ਵੀ ਉਦੋਂ ਮੌਜੂਦ ਹੁੰਦਾ

ਭਾਵੇਂ ਬਾਬੇ ਨਾਨਕ ਦੀ ਜੁੱਤੀ ਹੀ ਸਈ,
ਪਰ ਮੇਰਾ ਵੀ ਕੋਈ ਵਜੂਦ ਹੁੰਦਾ,
ਕਾਸ਼! ਮੈਂ ਵੀ ਉਦੋਂ ਮੌਜੂਦ ਹੁੰਦਾ।

ਜਦ ਮੰਗਿਆ ਸੀਸ ਗੁਰੂ ਗੋਬਿੰਦ ਸਿੰਘ ਨੇ,
ਮੈਂ ਵੀ ਉਹਨਾਂ ਸਿੱਖਾਂ 'ਚ ਮੌਜੂਦ ਹੁੰਦਾ।
ਕਾਸ਼! ਮੈਂ ਵੀ ਉਦੋਂ ਮੌਜੂਦ ਹੁੰਦਾ।

ਜਦ ਸਾਹਿਬਜ਼ਾਦੇ ਸ਼ਹੀਦ ਕੀਤੇ,
ਰੋਕਣ ਵਾਸਤੇ ਮੈਂ ਇੱਕ ਬਰੂਦ ਹੁੰਦਾ,
ਕਾਸ਼! ਮੈਂ ਵੀ ਉਦੋਂ ਮੌਜੂਦ ਹੁੰਦਾ।

ਜਦ ਜਿੱਤਿਆ ਪੰਜਾਬ ਰਣਜੀਤ ਸੂਰੇ,
ਮੈਂ ਵੀ ਪੱਟਿਆ ਕੋਈ ਖਰੂਦ ਹੁੰਦਾ,
ਕਾਸ਼! ਮੈਂ ਵੀ ਉਦੋਂ ਮੌਜੂਦ ਹੁੰਦਾ।

**ਅਮਰਜੀਤ ਸਿੰਘ**
**ਬੀ. ਏ.**



# ਯਾਰੀ

ਤੂੰ ਸੀ ਇੱਕ ਸੱਚਾ ਯਾਰ ਮੇਰਾ
ਤੇ ਤੇਰੀ ਹੁਣ ਓਹ ਯਾਰੀ ਬੜੀ
ਚੇਤੇ ਆਉਂਦੀ ਏ
ਤੂੰ ਮੁੜ ਕਦੇ ਵਾਪਸ ਨਹੀਂ ਆਉਣਾ
ਇਹ ਗੱਲ ਮੈਨੂੰ ਪਤਾ ਏ।
ਪਰ ਅੱਜ ਵੀ ਤੇਰੇ ਮੁੜ ਆਉਣ ਦੀ ਉਮੀਦ ਏ ਮੈਨੂੰ
ਪਰ ਅੱਜ ਵੀ ਤੇਰੇ ਮੁੜ ਆਉਣ
ਦੀ ਉਮੀਦ ਏ ਮੈਨੂੰ।

ਗੁਰਨੂਰ ਸਿੰਘ ਗੋਰਾਇਆ
ਬੀ. ਵੌਕ. ਫੂਡ ਪਰੋਸੈਸ
ਦੂਜਾ ਸਾਲ



# ਤੇਰੇ ਨੈਣ ਸੋਹਣੇ

ਤੇਰੇ ਨੈਣ ਸੋਹਣੇ ਤੇਰਾ ਨੱਕ ਤਿੱਖਾ
ਮੈਨੂੰ ਨਿਰਾ ਹੀ ਤੇਜ਼ ਤਲਵਾਰ ਜਾਪੇ

ਤੇਰੇ ਗੱਲਾਂ ਦੀ ਲਾਲੀ ਦੇ ਜਾਵਾਂ ਸਦਕੇ
ਨਵ ਜੰਮੇ ਗੁਲਾਬ ਦਾ ਸ਼ੁਮਾਰ ਜਾਪੇ।

ਤੇਰਾ ਹੱਸਣਾ ਸਭ ਨੂੰ ਕੀਲਦਾ ਏ
ਤੇਰੇ ਬੁੱਲਾਂ 'ਤੇ ਪਿਆਰ ਦਾ ਮੀਂਹ ਵਰ੍ਹਦਾ

ਤੇਰੇ ਬੋਲਾਂ 'ਚੋਂ ਕਿਰੇ ਪਈ ਮਿਸ਼ਰੀ ਜਿਉਂ
ਜਿਉਂ ਰਿਸ਼ਮ ਦਾ ਪਿਆ ਏ ਬੂਰ ਝੜਦਾ

ਨਿਰਾ ਨੂਰ ਜੋ ਹੱਥ ਨਾ ਆਂਵਦਾ ਏ
ਪਈ ਗਲਵਕੜੀ ਦਾ ਜਾਪੇ ਓ ਪਰਦਾ

ਤੇਰੀ ਖਿੱਚ ਦਾ ਕੀਲਿਆ ਡੁੱਬ ਗਿਆ ਓ
ਪਿਆ ਭੋਰ ਗੁਲਾਬ ਦੀ ਪਲਕ ਫੜਦਾ

ਤੇਰੇ ਪਿਆਰ ਦੀ ਲੋੜ ਸ਼ਹਿਬਾਜ ਨੂੰ ਏ
ਉਹਦੀ ਰੂਹ ਨੂੰ ਬਸ ਆਬਾਦ ਕਰਦੇ

ਜਾਂ ਤਾਂ ਜ਼ਿੰਦਗੀ ਓਸਦੀ ਜਾਊ ਸਵਰੀ
ਜਾਂ ਤੇ ਉਸਦੀ ਜਿੰਦ ਬਰਬਾਦ ਕਰਦੇ।



**ਸਹਿਬਾਜਦੀਪ ਸਿੰਘ ਗੁਲਸ਼ਨ**
**ਐੱਮ. ਏ. ਪੰਜਾਬੀ**

# ਔਰਤ ਇਕ ਕਵਿਤਾ ਹੈ

ਮੰਦੇ ਬੋਲ ਨਾ ਬੋਲ ਸੱਜਣ,
ਔਰਤ ਰੱਬ ਬਨਾਈ ਏ,
ਹਰ ਵਾਰੀ ਉਸ ਮਾਂ ਬਣ ਕੇ,
ਇੱਕੋ ਕਹਾਣੀ ਦੁਹਰਾਈ ਏ,
ਮੇਹਣੇ ਨਾ ਤੂੰ ਮਾਰ ਉਹਨੂੰ,
ਕਿਸਮਤ ਨਾਲ ਉਹ ਲੜੀ ਤਾਂ ਹੈ,
ਸੋਚ ਸਮਝ ਕੇ ਪੜ੍ਹ ਉਹਨੂੰ,
ਔਰਤ ਇੱਕ ਕਵਿਤਾ ਹੈ।

ਸਭ ਕੁਝ ਉਹਦੇ ਹੱਥ ਵੱਸ ਏ,
ਫਿਰ ਵੀ ਕਮਲੀ ਮਰਦੀ ਏ,
ਸ਼ਰਮ ਲਹਿਜ਼ ਹੈ ਉਸ ਅੰਦਰ,
ਇਹ ਨਾ ਸਮਝੋ ਡਰਦੀ ਏ,
ਤੈਨੂੰ ਮਾਂ ਬਣ ਦੁੱਧ ਪਿਆਲੇ,
ਹਿਜ਼ਰ ਤੇਰੇ ਵਿਚ ਸੜੀ ਤਾਂ ਹੈ,
ਸੋਚ ਸਮਝ ਕੇ ਪੜ੍ਹ ਉਹਨੂੰ,
ਔਰਤ ਇੱਕ ਕਵਿਤਾ ਹੈ।

ਭੈਣ ਤੇਰੀ ਵੀ ਉਸੇ ਵੇਸੀ,
ਜੋ ਹੋਰਾਂ ਵਿਚ ਤੂੰ ਤੱਕਦਾ ਏ,
ਉਹਦੇ ਅੰਗ ਵੀ ਉਸੇ ਵਰਗੇ,
ਤੂੰ ਜਿਸਨੂੰ ਮਾੜਾ ਦੱਸਦਾ ਏ
ਸਹਿਜ਼ ਲਹਿਜ਼ ਤੂੰ ਰੱਖ ਅੰਦਰ,
ਤੇਰੇ ਜ਼ੋਰ ਅੱਗੇ ਆ ਹਰੀ ਤਾਂ ਹੈ,
ਸੋਚ ਸਮਝ ਕੇ ਪੜ੍ਹ ਉਹਨੂੰ,
ਔਰਤ ਇੱਕ ਕਵਿਤਾ ਹੈ।

ਇੱਕ ਤਾਂ ਰੂਪ ਹੈ ਪਤਨੀ ਦਾ,
ਜੋ ਸਮਝ ਗਿਆ ਉਹਨੇ ਤਰ ਜਾਣਾ,
ਜੋ ਏ ਉਹਨੂੰ ਜੁੱਤੀ ਮੰਨਦਾ,
ਉਸਨੇ ਰੂਹੋਂ ਸੜ ਜਾਣਾ,
ਤੇਰੀ ਜ਼ਿੰਦਗੀ ਪਤਨੀ ਬਣ ਉਹ,
ਵਾਂਗ ਮੋਤੀਆਂ ਜੜੀ ਤਾਂ ਹੈ,
ਸੋਚ ਸਮਝ ਕੇ ਪੜ੍ਹ ਉਹਨੂੰ,
ਔਰਤ ਇੱਕ ਕਵਿਤਾ ਹੈ।

ਜਿਸਮ ਦਾ ਭੁੱਖਾ ਜਿਸਮ ਨਾ ਰੱਜਿਆ,
ਨਜ਼ਰ ਤੇਰੀ ਤਾਂ ਅੰਗ ਦੇਖੇ,
ਕਾਲਾ ਵੇਸ ਬਣਾ ਕੇ ਬੈਠਾ ,

ਤੂੰ ਉਹਦਾ ਚਿੱਟਾ ਰੰਗ ਦੇਖੇ,
ਵੇਖ ਤੇਰੀ ਚਤੁਰਾਈ ਨਜ਼ਰਾਂ,
ਸਦਾਂ ਤੇਰੇ ਲਈ ਮਰੀ ਤਾਂ ਹੈ,
ਸੋਚ ਸਮਝ ਕੇ ਪੜ੍ਹ ਉਹਨੂੰ,
ਔਰਤ ਇੱਕ ਕਵਿਤਾ ਹੈ।

ਤੂੰ ਵੀ ਮਾਨਵ ਕੀ ਬੋਲ ਰਹੀ,
ਇਹ ਬੰਦਾ ਰੂਪ ਸ਼ੈਤਾਨ ਦਾ,
ਇਹਦੇ ਲਈ ਤਾਂ ਔਰਤ ਰੂਪੀ,
ਜ਼ਰੀਆ ਨੋਟ ਕਮਾਣ ਦਾ,
ਆਪ ਚਲਾਵੇ ਆਪਣੀ ਸੁਣਦਾ,
ਇਸ ਦੀ ਇਹੀ ਅੜੀ ਤਾਂ ਹੈ,
ਸੋਚ ਸਮਝ ਕੇ ਪੜ੍ਹ ਉਹਨੂੰ,
ਔਰਤ ਇੱਕ ਕਵਿਤਾ ਹੈ ।

**ਮਾਨਵੀ ਸ਼ਰਮਾ**
**ਬੀ. ਐਸ. ਸੀ. ਮੈਡੀਕਲ**
**ਤੀਜਾ ਸਾਲ**



# ਇਸ਼ਕ ਦਾ ਪਰਿੰਦਾ

ਲੱਗਦਾ ਮੇਰੇ ਇਸ਼ਕ ਦਾ,
ਉੱਡਦਾ ਪਰਿੰਦਾ ਫੜਫੜਾ ਰਿਹਾ ਹੈ,

ਮੇਹਣੇ ਮਾਰ ਰਹੀ ਹੈ ਕੁਦਰਤ,
ਲੱਭ-ਲੱਭ ਕੇ ਹਵਾਵਾਂ 'ਚੋਂ,
ਧੁੱਪੇ ਵੀ ਠਾਰ ਰਹੀ ਹੈ ਕੁਦਰਤ,
ਲੂੰ ਆ ਰਹੀ ਹੈ ਛਾਂਵਾਂ 'ਚੋਂ,
ਜਿਵੇਂ ਅੱਗ ਲੱਗੀ ਏ ਖੰਭਾਂ ਨੂੰ,
ਨਾਲ ਪੱਖੀਆਂ ਦੇ ਸੇਕ ਵਧਾ ਰਿਹਾ ਹੈ,
ਲੱਗਦਾ ਮੇਰੇ ਇਸ਼ਕ ਦਾ,
ਉੱਡਦਾ ਪਰਿੰਦਾ ਫੜਫੜਾ ਰਿਹਾ ਹੈ।

ਨਦੀਆਂ 'ਚੋਂ ਪਾਣੀ ਠਹਿਰ ਗਿਆ,
ਛਾ ਅੱਖਾਂ ਦੇ ਵਿਚ ਕਹਿਰ ਗਿਆ,
ਨਾ ਸੱਪ ਦਾ ਡੰਗਿਆ ਲੱਗਦਾ ਏ,
ਪਰ ਡੂੰਘਾ ਲੱਗਦਾ ਜ਼ਹਿਰ ਗਿਆ,
ਕੀਤਾ ਤਸਦੀਕ ਨਾ ਪੱਥਰਾਂ ਨੇ,
ਬੁੱਤ ਮਿੱਟੀ ਦਾ ਕੋਈ ਢਾਹ ਰਿਹਾ ਹੈ,
ਲੱਗਦਾ ਮੇਰੇ ਇਸ਼ਕ ਦਾ,
ਉੱਡਦਾ ਪਰਿੰਦਾ ਫੜਫੜਾ ਰਿਹਾ ਹੈ।

ਬਸ ਪੀੜਾਂ ਜੋਗੇ ਰਹਿ ਗਏ ਆ,
ਕੀਤਾ ਇਸ਼ਕ ਨਾ, ਨਾ ਇਸ਼ਕ ਹੋਇਆ ਏ,
ਇੱਕ ਰੂਹੀ ਇਸ਼ਕ ਨਾ ਲੱਭਦਾ ਕਿਉਂ,
ਕੋਈ ਲੇਖ ਦਾ ਤਾਰਾ ਸੋਇਆ ਏ,
ਮੈਨੂੰ ਦੇਕੇ ਟੋਟੇ ਹਿਜ਼ਰਾਂ ਦੇ,
ਕੋਈ ਲਾਹਣਤ ਤਾਂ ਇੰਝ ਪਾ ਰਿਹਾ ਹੈ,
ਲੱਗਦਾ ਮੇਰੇ ਇਸ਼ਕ ਦਾ,
ਉੱਡਦਾ ਪਰਿੰਦਾ ਫੜਫੜਾ ਰਿਹਾ ਹੈ।

ਕਣ ਮਿੱਟੀਆਂ 'ਚੋਂ ਮੈਂ ਲੱਭਦਾ ਆ,
ਕੋਈ ਦਿਲ ਦਾ ਮਹਿਲ ਬਣਾ ਜਾਵੇ,
ਮੇਰੇ ਅੰਦਰ ਕਰ ਜੇ ਘਰ ਕੋਈ,
ਮੈਨੂੰ ਅੰਦਰੋਂ-ਅੰਦਰੀਂ ਖਾ ਜਾਵੇ,
ਰੱਬ ਰੁੱਸਿਆ ਮੈਥੋਂ ਲੱਗਦਾ ਏ,
ਗੀਤ ਹੋਰਾਂ ਲਈ ਬਸ ਗਾ ਰਿਹਾ ਹੈ,
ਲੱਗਦਾ ਮੇਰੇ ਇਸ਼ਕ ਦਾ,
ਉੱਡਦਾ ਪਰਿੰਦਾ ਫੜਫੜਾ ਰਿਹਾ ਹੈ।

**ਪ੍ਰੀਤ ਸਿੰਘ ਭੈਣੀ**
**ਐੱਮ. ਏ. ਪੰਜਾਬੀ.**



# ਬੰਦਾ ਜਦ ਮਰ ਜਾਏ

ਇਹਨਾਂ ਮੁਸਾਫ਼ਿਰਾਂ ਦੀ ਭੀੜ ਵਿੱਚੋਂ, ਕੋਈ ਤਾਂ ਘਰ ਜਾਏ।
ਅਗਲੇਰੇ ਮੋੜ ਉੱਤੇ ਜੇਕਰ ਕੋਈ, ਹਾਦਸਾ ਵਾਪਰ ਜਾਏ।

ਸ਼ਾਲਾ ਮੈਨੂੰ ਵੀ ਵੈਣਾਂ-ਵਰਲਾਪਾਂ ਦੀ, ਤਾਨ ਸੁਣਾਈ ਦੇਵੇ,
ਮੁਕਾ ਗਿਆ ਏ ਸਫ਼ਰ ਓ, ਜਦ ਘਰ ਇਹ ਖ਼ਬਰ ਜਾਏ।

ਇਹ ਕੋਈ ਖ਼ਾਸ ਹੈ, ਜੋ ਭਾਲ਼ਦਾ ਏ ਮੁਰਦੇ 'ਚੋਂ ਹਿਲ-ਜੁਲ,
ਜੇ ਕਿਤੇ ਹਿਲਜੁਲ ਹੋ ਜਾਏ, ਤਾਂ ਇਹ ਭੀੜ ਨਾ ਡਰ ਜਾਏ।

ਤੇ ਮੁੜ ਗਏ ਨੇ ਇਹ, ਦੋ ਪਲ਼-ਘੜੀ ਰੋ ਕੇ ਘਰਾਂ ਨੂੰ ਸਾਰੇ,
ਏ ਸੁਦੈਣ ਜੋ ਰੋ ਰਹੀ ਏ, ਕਹੋ ਕਿ ਇਹਵੀ ਹੁਣ ਘਰ ਜਾਏ।

ਅਕਸਰ ਹੀ ਸੇਕ ਲੱਗਦਾ ਰਹਿੰਦਾ ਏ ਇਹਨਾਂ ਹੱਡੀਆਂ ਨੂੰ,
ਅੱਗ ਲੱਗ ਜਾਏ, ਮੱਚ ਜਾਏ, ਸਵਾਹ ਬਣਜੇ ਜਦ ਠਰ ਜਾਏ।

ਇਹਨਾਂ ਅੱਖਾਂ ਵਿਚ ਉਤਰ ਆਉਂਦੈ, ਨੇਕੀਆਂ ਦਾ ਮੋਤੀਆਂ,
ਤੇ ਸਭ ਨੂੰ ਚੰਗਾ ਲੱਗਣ ਲੱਗ ਜਾਵੇ, ਬੰਦਾ ਜਦ ਮਰ ਜਾਏ।

**ਸਾਹਿਬਜੀਤ ਸਿੰਘ**
**ਐਮ. ਏ. ਪੰਜਾਬੀ.**
**ਪਹਿਲਾ ਸਾਲ**



# ਕੁਝ ਤਾਂ ਮੂੰਹੋਂ ਬੋਲ ਵੇ ਪੁੱਤਾ

ਕੁਝ ਤਾਂ ਮੂੰਹੋਂ ਬੋਲ ਵੇ ਪੁੱਤਾ,
ਨਾ ਪੱਤ ਜੱਗ ਵਿਚ ਰੋਲ ਵੇ ਪੁੱਤਾ।
ਜਹਾਨੋਂ ਤੁਰ ਗਿਆ ਸਿਰ ਦਾ ਸਾਂਈ,
ਪਰ ਤੇਰੇ ਲਈ ਕਲੋਲ ਵੇ ਪੁੱਤਾ।

ਤਸਵੀਰ 'ਚ ਵੜ ਕੇ ਬਹਿ ਗਿਆ ਜੋ,
ਮੇਰੇ ਕਾਲਜੇ ਪੈਂਦੇ ਹੌਲ ਵੇ ਪੁੱਤਾ।
ਸ਼ਰਾਬ ਦੀ ਬੋਤਲ ਪਾਸੇ ਰੱਖ ਦੇ,
ਜਰਾ ਸਿਵਾ ਪਿਉ ਦਾ ਫਰੋਲ ਵੇ ਪੁੱਤਾ।

ਗੱਲ ਇੱਕ ਮੇਰੀ ਮੰਨੇ ਜੇਕਰ,
ਬੋਲੇ ਪਿਉ ਨੂੰ ਬੋਲ ਵੇ ਪੁੱਤਾ।
ਰੱਤਾ ਦਰਦ ਨਾ ਰਿਹਾ ਓਸ ਲਈ,
ਦਿਲ ਦੇ ਵਰਕੇ ਫੋਲ ਵੇ ਪੁੱਤਾ।

ਕਿਤੋਂ ਆਵੇ ਤੇਰਾ ਬਾਪੂ ਚੱਲ ਕੇ,
ਦਰ ਤੂੰ ਘਰ ਦੇ ਖੋਲ ਵੇ ਪੁੱਤਾ।
ਤੈਂ ਮੋਢਾ ਬਣਨੈਂ ਅਰਥੀ ਦਾ,
ਨਾ ਸਮੇਂ ਨਾ ਕਰੀਂ ਮਖੌਲ ਵੇ ਪੁੱਤਾ।



**ਸਤਨਾਮ ਸਿੰਘ ਵੇਰਕਾ**
**ਐਮ. ਏ. ਪੰਜਾਬੀ.**
**ਪਹਿਲਾ ਸਾਲ**

# ਬਾਪੂ

ਚੀਜ਼ ਇੱਕ ਮੰਗਾ ਤੇ ਦੋ ਚਾਰ ਹੋਰ ਲੈਕੇ ਦਿੰਦਾ ਆ
ਅੱਖਾਂ 'ਚ ਮੇਰੀ ਹਰ ਰੀਝ ਬੁੱਝ ਲੈਂਦਾ ਆ
ਮੈਂ ਕਿਹੜਾ ਲਫਜ਼ ਲਿਖਾਂ ਬਾਪੂ
ਜਿਹੜਾ ਤੈਨੂੰ ਬਿਆਨ ਕਰ ਲੈਂਦਾ ਆ

ਘੁੱਟ ਕੇ ਜੱਫੀ ਪਾ ਲਵਾਂ ਬਾਪੂ ਜੇ
ਇੰਨਾ ਹੌਂਸਲਾ ਮੇਰੇ 'ਚ ਆ ਜਾਵੇ
ਜਦ ਤੇਰੇ ਮੋਡਿਆਂ ਉੱਤੇ ਚੜ੍ਹ ਪਿੰਡ ਘੁੰਮਦਾ ਸੀ
ਓਹ ਦਿਨ ਫਿਰ ਵਾਪਿਸ ਆ ਜਾਵੇ
ਉਥੇ ਕੋਈ ਬਾਂਹ ਫੜਦਾ ਨਹੀਂ ਬਾਪੂ
ਜਿੱਥੇ ਤੂੰ ਬਾਂਹ ਫੜ ਲੈਂਦਾ ਆ
ਤੇਰੇ ਕੱਦ ਜਿੱਡਾ ਕੱਦ ਹੋ ਗਿਆ ਆ
ਤੇਰੇ ਵਰਗਾ ਨਹੀਂ ਬਣ ਪਾਉਂਦਾ ਆ
ਮੈਂ ਕਿਹੜਾ ਲਫ਼ਜ਼ ਲਿਖਾਂ ਬਾਪੂ
ਜਿਹੜਾ ਤੈਨੂੰ ਬਿਆਨ ਕਰ ਲੈਂਦਾਂ ਆ

ਤੇਰੇ ਸਿਰ 'ਤੇ ਮੈਂ ਐਸ਼ ਕੀਤੀ
ਹੁਣ ਸੁਪਨਾ ਮੇਰਾ ਆ ਕਿ

ਬਾਪੂ ਤੈਨੂੰ ਐਸ਼ ਕਰਾਉਣੀ ਆ
ਤੇਰੇ ਮੋਡਿਆਂ ਦਾ ਭਾਰ ਲਾਹੁਣਾ ਆ
ਬਾਪੂ ਤੈਨੂੰ ਸਾਰਾ ਜੱਗ ਘੁਮਾਉਣਾ ਆ
ਆਹ ਤੇਰੇ ਲਈ ਲਫ਼ਜ਼ ਕੁਝ ਵੀ ਨਹੀਂ
ਤੂੰ ਮੇਰੇ ਲਈ ਰੱਬ ਵਰਗਾ ਸਹਾਰਾ ਆ

ਚੀਜ਼ ਇੱਕ ਮੰਗਾ ਤੇ ਦੋ ਚਾਰ ਹੋਰ ਲੈਕੇ ਦਿੰਦਾ ਆ
ਅੱਖਾਂ 'ਚ ਮੇਰੀ ਹਰ ਰੀਝ ਬੁਝ ਲੈਂਦਾ ਆ
ਮੈਂ ਕਿਹੜਾ ਲਫ਼ਜ਼ ਲਿਖਾਂ ਬਾਪੂ
ਜਿਹੜਾ ਤੈਨੂੰ ਬਿਆਨ ਕਰ ਲੈਂਦਾ ਆ

**ਅਨੂਰ ਮਹਿਗੇੜਾ**
**ਬੀ. ਏ. ਇੰਗਲਿਸ਼ ਆਨਰਜ਼**
**ਦੂਜਾ ਸਾਲ**



# ਜਿਉਂ ਰੁੱਖਾਂ ‘ਤੇ ਆਰੀ ਲੱਗੀ

ਜਿਉਂ ਰੁੱਖਾਂ ‘ਤੇ ਆਰੀ ਲੱਗੀ
ਏਦਾਂ ਦੁਨੀਆਂ ਦਾਰੀ ਲੱਗੀ

ਤੂੰ ਜਦ ਨਾਲ ਤੇ ਕੱਖੋਂ ਹੌਲੀ
ਉਂਝ ਮੁਸੀਬਤ ਭਾਰੀ ਲੱਗੀ

ਇਸਦਾ ਇਲਾਜ ਦਵਾ ਨਹੀਂ
ਤੈਨੂੰ ਜੋ ਬਿਮਾਰੀ ਲੱਗੀ

ਤੇਰੀ ਅੱਖ ਦੇ ਵਾਰ 'ਤੇ ਕੁੜੀਏ
ਦਿਲ 'ਤੇ ਸੱਟ ਕਰਾਰੀ ਲੱਗੀ

ਇਹਨੇ ਥੱਕ ਕੇ ਬਹਿਣ ਨਈਂ ਦਿੱਤਾ
ਜਦ ਦੀ ਜ਼ਿੰਮੇਵਾਰੀ ਲੱਗੀ

ਹੋਰ ਕਿਤੇ ਵੀ ਦਿਲ ਨਈਂ ਲਗਦਾ
ਜਦ ਦੀ ਅੱਖ ਵਿਚਾਰੀ ਲੱਗੀ

**ਗੁਰਜਿੰਦਰ ਸ਼ਾਹ**
**ਐੱਮ. ਏ. ਪੰਜਾਬੀ**



# ਮੇਰੀ ਮੌਤ ਦਾ ਚਾਅ

ਜਿਉਂ ਹੀ ਉਸਨੇ ਯਾਮਾਹੇ ਨੂੰ ਕਿੱਕ ਮਾਰੀ ਅਤੇ ਉਹਦੇ ਰੌਲੇ ਨੇ ਜਿਵੇਂ ਅੱਧੇ ਮੁਹੱਲੇ ਨੂੰ ਉਠਾ ਦਿੱਤਾ ਹੋਵੇ। ਯਾਮਾਹਾ ਚਾਲੂ ਹੁੰਦੇ ਹੀ ਉਸਨੇ ਆਪਣੀ ਕਮੀਜ ਦੀ ਉਪਰਲੀ ਜੇਬ ਵਿਚ ਟੰਗੀਆਂ ਐਨਕਾਂ ਨੂੰ ਕੱਢਿਆ ਤੇ ਅੱਖਾਂ 'ਤੇ ਲਾ, ਘਰੋਂ ਬਾਹਰ ਨੂੰ ਹੋ ਤੁਰਿਆ। ਗੇਟ ਓਵੇਂ ਹੀ ਖੁੱਲ੍ਹਾ ਛੱਡ ਗਿਆ। ਇਹ ਉਸਦੀ ਲਾਪਰਵਾਹੀ ਸੀ। ਹਰ ਵਾਰ ਉਹ ਬਿਨਾਂ ਗੇਟ ਬੰਦ ਕੀਤੇ ਹੀ ਘਰੋਂ ਤੁਰ ਪੈਂਦਾ ਸੀ। ਪਿੱਛੋਂ ਕੋਈ ਬੰਦ ਕਰੇ ਨਾ ਕਰੇ ਉਹਨੂੰ ਕੋਈ ਫਰਕ ਨਹੀਂ ਸੀ ਪੈਂਦਾ। ਆਪਣੀ ਮੌਜ ਵਿਚ ਮਸਤ ਰਹਿੰਦਾ ਸੀ ਉਹ। ਉਹ ਘਰੋਂ ਨਿਕਲਿਆ ਤੇ ਕੋਟ ਖਾਲਸਾ ਗੇਟ ਲੰਘ, ਰੋਡ ਕਾਹਲੀ ਨਾਲ ਬਿਨਾਂ ਆਸੇ ਪਾਸੇ ਦੇਖੇ ਪਾਰ ਕਰ ਲਿਆ। ਉਸਦੀ ਇਸ ਲਾਪਰਵਾਹੀ ਕਾਰਨ ਕਈ ਲੰਘਣ ਵਾਲਿਆਂ ਨੇ ਅਚਾਨਕ ਬਰੇਕਾਂ ਮਾਰੀਆਂ। ਬਹੁਤਿਆਂ ਨੇ ਗਾਲ੍ਹਾਂ ਵੀ ਕੱਢੀਆਂ। ਪਰ ਉਸਨੂੰ ਕੋਈ ਵੀ ਲੱਥੀ ਚੜ੍ਹੀ ਨਹੀਂ ਸੀ। ਯਾਮਾਹਾ ਦੀ ਫਟ-ਫਟ ਦੀ ਕੰਨਾਂ ਨੂੰ ਚੀਰਦੀ ਤੇਜ਼ ਆਵਾਜ਼ ਉਸਦੇ ਲਈ ਜਿਵੇਂ ਸੰਗੀਤ ਹੋਵੇ। ਉਸਨੇ ਤੇਜ਼ ਰਫਤਾਰ ਨਾਲ ਜਾਂਦੇ ਇਕਦਮ ਖਾਲਸਾ ਕਾਲਜ ਦੇ ਗੇਟ ਨੰਬਰ ਇੱਕ ਸਾਹਮਣੇ ਬਰੇਕ ਮਾਰੀ। ਜਿਉਂ ਹੀ ਉਹਨੇ ਬਰੇਕ ਮਾਰੀ ਤਾਂ ਇੱਕ ਮੁੰਡਾ ਉਹਦੇ ਗਲ ਪੈ ਗਿਆ ਤੇ ਬੋਲਿਆ...

"ਅੰਨ੍ਹਾ ਹੋਇਆ? ਵੇਖ ਵੀ ਲੈ। ਏਨੀ ਕੀ ਕਾਹਲੀ ਤੈਨੂੰ, ਕਿਹੜੀ ਮਾਂ ਨੂੰ ਮਿਲਣਾ ਈ ਜਾ ਕੇ?"

"ਅੰਨ੍ਹਾ ਤਾਂ ਮੈਨੂੰ ਤੂੰ ਲੱਗਦਾ, ਆਸਾ ਪਾਸਾ ਵੇਖ ਕੇ ਲੰਘ ਹਾਂ। ਮੂੰਹ ਚੁੱਕਿਆ ਲੱਕੜ ਦੇ ਘੋੜੇ ਵਾਗੂੰ ਤੇ ਤੁਰਿਆ ਜਾਂਦਾ ਈ।"

ਜਿਉਂ ਹੀ ਉਸਨੇ ਜੁਆਬ ਦਿੱਤਾ ਤਾਂ ਕਾਲਜ ਦੇ ਬਾਹਰ ਅੰਦਰ ਜਾਣ ਵਾਲੇ ਸਾਰੇ ਉਹਨਾਂ ਦੀ ਬਹਿਸ ਸੁਣ ਰੁਕ ਗਏ। ਇੱਕ ਬੋਲਿਆ..

"ਕੀ ਗੱਲ ਹੋਗੀ ਵੀਰੇ?"

"ਕੁਝ ਨਹੀਂ ਭਰਾਵਾਂ ਅਸੀਂ ਤੇ ਮਜ਼ਾਕ ਕਰਨ ਡਏ ਆ।"

ਉਹ ਹੱਸਣ ਲੱਗ ਪਏ।

"ਚੱਲ ਬੈਠ ਛੇਤੀ, ਇਹ ਨਾ ਹੋਵੇ ਏਥੇ ਆਪਣੀ ਬਹਿਸ ਦੇਖ, ਲੋਕੀ ਆਪਾਂ ਦੋਵਾਂ ਨੂੰ ਮਾਂਜ ਦੇਣ।"

"ਆਹੋ, ਚੱਲ ਭਰਾਵਾ।"

ਜਿਉਂ ਹੀ ਉਹ ਪਿੱਛੇ ਬੈਠਾ ਤਾਂ ਯਾਮਾਹੇ ਵਾਲੇ ਨੇ ਗੇਅਰ ਪਾਇਆ ਤੇ ਛੂ ਕਰਦੇ ਅੱਗੇ ਵਧ ਗਏ।

"ਯਾਰ ਇਕਬਾਲ ਆਪਾਂ ਪਹਿਲਾਂ ਬੂਟ ਨਾ ਲੈ ਲਈਏ? ਫਿਰ ਦਰਬਾਰ ਸਾਹਿਬ ਚਲੇ ਜਾਂਵਾਂਗੇ?"

"ਨਹੀਂ ਭਾਈ, ਪਹਿਲਾਂ ਮੈਂ ਗੁਰੂ ਘਰ ਜਾਣਾ ਫਿਰ ਹੀ ਬਾਕੀ ਕੰਮ ਕਰਨੇ।"

"ਲੈ ਏਨੀ ਕੀ ਆਖਰ ਆਈ ਤੈਨੂੰ ਅੱਜ। ਓਦਾਂ ਤਾਂ ਕਦੇ ਗੁਰੂ ਘਰ ਜਾਂਦਾ ਨੀ। ਨਾ ਨਮਾਜ਼ ਪੜ੍ਹਦਾ। ਅੱਜ ਤੈਨੂੰ ਪਤਾ ਨਹੀਂ ਕੀ ਹੋਇਆ।"

"ਕੁਝ ਨਹੀਂ ਹੋਇਆ ਯਾਰ ਬਸ ਮੇਰਾ ਜੀਅ ਕੀਤਾ ਅੱਜ। ਅੱਛਾ ਅਰਸ਼ ਮੇਰੀ ਗੱਲ ਸੁਣ।"

"ਹਾਂ ਦੱਸ?"

"ਚੱਲ ਆਪਾਂ ਪਹਿਲਾਂ ਤੈਨੂੰ ਬੂਟ ਲੈ ਦੇਂਦੇ ਆ, ਪਰ ਮੇਰੀ ਗੱਲ ਮੰਨਣੀ ਪਵੂ ਤੈਨੂੰ ਇੱਕ, ਮੰਨੇਗਾ?"

"ਕੀ?"

"ਤੂੰ ਦੱਸ ਪਹਿਲਾਂ ਮੰਨੇਗਾ ਕਿ ਨਹੀਂ?"

"ਮੰਨ ਲੂ ਭਰਾਵਾ।"

"ਹਾਂ ਠੀਕ ਆ ਚੱਲ, ਲੈਂਦੇ ਆ ਬੂਟ ਤੇਰੇ ਹੁਣ।"

ਉਹ ਦੋਵੇਂ ਯਾਮਾਹੇ 'ਤੇ ਸਵਾਰ ਆਸ ਪਾਸ ਦੇ ਮਾਹੌਲ ਦੇ ਸਵਾਦ ਲੈਂਦੇ ਹਾਲ ਬਜ਼ਾਰ ਜਾ ਪਹੁੰਚੇ ਤੇ ਇੱਕ ਬੂਟਾਂ ਦੀ ਦੁਕਾਨ ਤੋਂ ਥੋੜ੍ਹਾ ਜਿਹਾ ਪਿੱਛੇ ਖਾਲ਼ੀ ਥਾਂ ਦੇਖ ਮੋਟਰਸਾਇਕਲ ਖੜਾ ਕਰ ਦਿੱਤਾ। ਅਰਸ਼ ਆਮ ਤਰੀਕੇ ਨਾਲ ਮੋਟਰਸਾਇਕਲ ਤੋਂ ਉੱਤਰਿਆ ਪਰ ਇਕਬਾਲ ਮੋਟਰਸਾਇਕਲ ਸਟੈਂਡ 'ਤੇ ਲਾ ਹੈਂਡਲ ਵੱਲ ਦੀ ਲੱਤ ਨੂੰ ਘੁੰਮਾਉਂਦੇ ਇੰਝ ਉੱਤਰਿਆ ਜਿਵੇਂ ਹਿੰਦੀ ਫਿਲਮਾਂ ਦੇ ਹੀਰੋ ਉੱਤਰਦੇ ਹੋਣ।

ਉਹਨਾਂ ਸਾਹਮਣਿਉਂ ਦੋ ਜੀਨ ਪਾਈ ਕੁੜੀਆਂ ਲੰਘੀਆਂ ਤਾਂ ਇਕਬਾਲ ਨੇ ਐਨਕ ਅੱਖਾਂ ਤੋਂ ਉਂਗਲ ਨਾਲ ਆਪਣੇ ਤਿੱਖੇ ਨੱਕ ਵੱਲ ਵਧਾਉਂਦੇ ਪੋਲੇ ਜਿਹੇ ਬੁੱਲ੍ਹਾਂ ਨਾਲ ਸੀਟੀ

ਮਾਰੀ। ਉਸਦੀ ਸੀਟੀ ਦੀ ਆਵਾਜ਼ ਸ਼ਾਇਦ ਉਹਨਾਂ ਕੁੜੀਆਂ ਦੇ ਕੰਨੀਂ ਪੈ ਗਈ। ਉਹਨਾਂ ਮੁੜ ਇਕਬਾਲ ਵੱਲ ਵੇਖਿਆ ਪਰ ਕੁਝ ਕਿਹਾ ਨਹੀਂ। ਸਗੋਂ ਅੱਗਿਉਂ ਮੁਸਕਰਾਈਆਂ। ਉਹ ਸੋਹਣਾ ਹੀ ਏਨਾ ਸੀ ਕਿ ਉਸਦੇ ਚਿਹਰੇ ਨੂੰ ਵੇਖ ਹਰ ਕੋਈ ਖਿੜ ਜਾਂਦਾ ਸੀ। ਹਰ ਵੇਲੇ ਉਹਦੇ ਚਿਹਰੇ ਨੂੰ ਚਾਰ ਚੰਨ ਲਾਉਂਦੀ ਮੁਸਕਾਨ ਉਸਨੂੰ ਸਭ ਦਿਲਾਂ ਦਾ ਕਾਇਲ ਬਣਾ ਦੇਂਦੀ ਸੀ। ਅਰਸ਼ ਉਸਦੇ ਵੱਲ ਵੇਖ ਹੱਸਿਆ। ਉਹ ਇਕਬਾਲ ਦੀਆਂ ਹਰਕਤਾਂ ਤੋਂ ਚੰਗੀ ਤਰ੍ਹਾਂ ਜਾਣੂ ਸੀ। ਪਰ ਉਹ ਜਾਣਦਾ ਸੀ, ਇਹ ਸਿਰਫ ਉਸਦਾ ਸੁਭਾਅ ਹੈ ਜੋ ਸਭ ਨੂੰ ਮਜ਼ਾਕ ਕਰਦਾ ਰਹਿੰਦਾ। ਉਂਝ ਉਸਦੇ ਦਿਲ ਵਿਚ ਕੁਝ ਨਹੀਂ ਸੀ।

ਉਹਨਾਂ ਸੜਕ ਟੱਪੀ ਤੇ ਥੋੜਾ ਜਿਹਾ ਤੁਰ ਇੱਕ ਦੁਕਾਨ ਅੰਦਰ ਜਾ ਵੜੇ।

ਉਹ ਦੋਵੇਂ ਆਪਸ ਵਿਚ ਗੱਲਾਂ ਕਰ ਰਹੇ ਸਨ ਕਿ ਅੰਦਰ ਜਾਂਦੇ ਹੀ ਉਹਦੀਆਂ ਨਜ਼ਰਾਂ ਇੱਕ ਥਾਂ ਟਿਕ ਗਈਆਂ ਤੇ ਜੁਬਾਨ ਬੰਦ ਹੋ ਗਈ। ਉਸਤੋਂ ਇੱਕ ਕਦਮ ਤੱਕ ਨਾ ਪੁੱਟ ਹੋਇਆ। ਅਰਸ਼ ਉਸਦੀ ਤਰਫ ਨਹੀਂ ਸੀ ਦੇਖ ਰਿਹਾ ਤੇ ਆਪਣੇ ਹੀ ਧਿਆਨ ਗੱਲਾਂ ਕਰਦਾ ਜਾ ਰਿਹਾ ਸੀ। ਪਰ ਕੁਝ ਦੇਰ ਪਿੱਛੋਂ ਜਦ ਇਕਬਾਲ ਨੇ ਉਸਦੀ ਕਿਸੇ ਗੱਲ ਦਾ ਕੋਈ ਜੁਆਬ ਨਾ ਦਿੱਤਾ ਤਾਂ ਅਰਸ਼ ਨੇ ਉਸਨੂੰ ਬੁੱਤ ਬਣਿਆ ਦੇਖ ਆਵਾਜ਼ ਮਾਰੀ। ਪਰ ਉਸਨੂੰ ਜਿਵੇਂ ਸੁਣਾਈ ਹੀ ਨਾ ਦੇ ਰਿਹਾ ਹੋਵੇ। ਉਹ ਇਕਦਮ ਚੁੱਪ ਸੀ। ਅਰਸ਼ ਨੇ ਉਸ ਪਾਸੇ ਧਿਆਨ ਮਾਰਿਆ ਜਿਧਰ ਇਕਬਾਲ ਅੱਖਾਂ ਗੱਡੀ ਖੜਾ ਸੀ ਤਾਂ ਸਾਹਮਣੇ ਇਕ ਅੰਤਾਂ ਦੀ ਹਸੀਨ ਮੁਟਿਆਰ ਸ਼ੀਸ਼ੇ ਵਿਚ ਆਪਣੇ ਪੈਰੀਂ ਪਾਈ ਨਵੀਂ ਜੁੱਤੀ ਦੇਖ ਰਹੀ ਸੀ। ਉਹ ਘੁੰਮ ਘੁੰਮ ਦੇਖਦੀ ਸੀ। ਅਰਸ਼ ਨੇ ਦੇਖਿਆ ਕਿ ਇਕਬਾਲ ਦਾ ਧਿਆਨ ਓਸੇ ਕੁੜੀ 'ਤੇ ਟਿਕਿਆ ਹੋਇਆ ਏ। ਉਸਨੇ ਇਕਬਾਲ ਨੂੰ ਬਾਹੋਂ ਫੜ ਹਿਲਾਇਆ ਤਾਂ ਉਸਨੇ ਫਿਰ ਵੀ ਸੁਰਤ ਨਾ ਕਰੀ। ਜਦੋਂ ਦੋ ਤਿੰਨ ਵਾਰ ਇੰਝ ਕਰਨ ਤੇ ਇਕਬਾਲ ਨੇ ਇੱਕ ਨਾ ਸੁਣੀ ਤਾਂ ਉਸਨੇ ਜ਼ੋਰ ਦੇਣੀ ਆਵਾਜ਼ ਮਾਰੀ ਤੇ ਬਾਹੋਂ ਫੜ ਹਿਲਾਇਆ...

"ਇਕਬਾਲ.............ਲ..ਲ..।"

ਇਕਬਾਲ ਦੀ ਇਕਦਮ ਸੁਰਤ ਟੁੱਟੀ ਤੇ ਉਹ ਹੋਸ਼ ਵਿਚ ਆਇਆ। ਪਰ ਇਸ ਤਰ੍ਹਾਂ ਆਵਾਜ਼ ਮਾਰਨ ਕਾਰਨ ਸਭ ਉਹਨਾਂ ਦੋਵਾਂ ਵੱਲ ਵੇਖਣ ਲੱਗ ਪਏ। ਉਹ ਕੁੜੀ ਵੀ ਜਿਸਨੂੰ ਇਕਬਾਲ ਨਿਗਾ ਟਿਕਾਈ ਦੇਖ ਰਿਹਾ ਸੀ। ਅਰਸ਼ ਨੇ ਇਕਬਾਲ ਨੂੰ ਬਾਹੋਂ ਫੜ੍ਹ ਬਿਠਾਇਆ

ਤੇ ਦੁਕਾਨ ਵਾਲੇ ਨੂੰ ਸਪੋਰਟਸ ਬੂਟ ਦਿਖਾਉਣ ਲਈ ਕਿਹਾ। ਉਹ ਆਪਣੇ ਲਈ ਬੂਟ ਦੇਖਣ ਲੱਗਾ। ਪਰ ਇਕਬਾਲ ਦਾ ਧਿਆਨ ਉਸ ਕੁੜੀ ਵਿਚ ਹੀ ਰਿਹਾ। ਉਹ ਕੁੜੀ ਦੀ ਇੱਕ ਇੱਕ ਹਰਕਤ ਉੱਪਰ ਨਜ਼ਰ ਰੱਖ ਰਿਹਾ ਸੀ। ਕੁੜੀ ਨੇ ਗਲ ਪਿਆਜੀ ਰੰਗ ਦਾ ਸੂਟ ਤੇ ਨਾਲ ਪਿਆਜੀ ਰੰਗ ਦੀ ਹੀ ਚੁੰਨੀ ਲਈ ਹੋਈ ਸੀ। ਉਸਦੇ ਵਾਲ ਖੁੱਲ੍ਹੇ ਸਨ ਤੇ ਹੱਦ ਤੋਂ ਪਰੇ ਸਿਲਕੀ ਜਾਪਦੇ ਸਨ। ਇੰਞ ਭਾਂਪ ਰਿਹਾ ਸੀ ਜਿਵੇਂ ਉਸਨੇ ਖੁਦ ਸਟ੍ਰੇਟ ਕਰਵਾਏ ਹੋਣ। ਅੱਜਕੱਲ੍ਹ ਇਹ ਰਿਵਾਜ਼ ਬਣ ਗਿਆ ਸੀ। ਆਪਣੇ ਵਾਲਾਂ ਨੂੰ ਵੰਨ ਸੁਵੰਨਿਆਂ ਤਰੀਕਿਆਂ ਨਾਲ ਤਿਆਰ ਕਰਵਾਉਣਾ। ਉਸਨੇ ਵੀ ਕਰਵਾਏ ਜਾਪਦੇ ਸਨ। ਉਸਦੇ ਵਾਲਾਂ ਵਿਚ ਚੀਰ, ਜੋ ਕਿ ਇਕਬਾਲ ਦੇ ਦਿਲ ਨੂੰ ਚੀਰਦਾ ਜਾਪਦਾ ਸੀ। ਇਕਬਾਲ ਦਾ ਧਿਆਨ ਇਕ ਪਲ ਲਈ ਵੀ ਉਸਤੋਂ ਟੁੱਟਦਾ ਨਹੀਂ ਸੀ ਜਾਪ ਰਿਹਾ। ਉਸਦਾ ਹਾਲ ਤਾਂ ਉਸ ਮੁਰੀਦ ਵਰਗਾ ਸੀ ਜਿਸਨੇ ਪਹਿਲੀ ਵਾਰ ਪ੍ਰਕਾਸ਼ਮਈ ਰੱਬ ਦੇ ਦਿਦਾਰ ਕੀਤੇ ਹੋਣ ਤੇ ਅੱਖਾਂ ਨੂੰ ਰੱਜ ਨਾ ਆ ਰਿਹਾ ਹੋਵੇ। ਜਿਵੇਂ ਉਸ ਪ੍ਰਕਾਸ਼ ਤੋਂ ਨਜ਼ਰ ਹਟਾਉਂਦੇ ਹੀ ਉਸਦੇ ਦੇਖਣ ਦੀ ਸ਼ਕਤੀ ਹੀ ਖਤਮ ਹੋ ਜਾਣੀ ਹੋਵੇ। ਉਹਦੀ ਸੁਰਤ ਬਸ ਉਸਦੇ ਚਿਹਰੇ ਉਪਰ ਹੀ ਅਟਕੀ ਪਈ ਸੀ। ਕੁੜੀ ਦੀਆਂ ਬਾਹਾਂ ਰੰਗ ਬਿਰੰਗੀਆਂ ਚੂੜੀਆਂ ਨਾਲ ਭਰੀਆਂ ਪਈਆਂ ਸਨ।

ਕੁੜੀ ਕਈ ਜੁੱਤੀਆਂ ਬਦਲ ਬਦਲ ਦੇਖ ਰਹੀ ਸੀ। ਉਹ ਵਿਚ ਵਿਚਾਲੇ ਇਕਬਾਲ ਵੱਲ ਵੀ ਝਾਤੀ ਮਾਰਦੀ ਜਾਪਦੀ ਸੀ। ਉਹਨੂੰ ਸਾਫ ਦਿਖਾਈ ਦੇ ਰਿਹਾ ਸੀ ਕਿ ਕੋਈ ਅਨਜਾਣ ਮਰਦ ਕਿਵੇਂ ਉਸ ਵੱਲ ਨਜ਼ਰਾਂ ਗੱਡੀ ਦੇਖ ਰਿਹਾ ਸੀ। ਪਰ ਉਹ ਉਸਨੂੰ ਚਾਹ ਕੇ ਵੀ ਰੋਕ ਨਹੀਂ ਸੀ ਰਹੀ। ਉਸਦੇ ਨਾਲ ਇੱਕ ਪੰਜਾਹ ਕੁ ਸਾਲ ਦੀ ਔਰਤ ਤੇ ਇੱਕ ਹੋਰ ਜਵਾਨ ਕੁੜੀ ਸੀ। ਉਹ ਵਾਰ ਵਾਰ ਔਰਤ ਨੂੰ ਮੰਮੀ ਕਹਿ ਬੁਲਾ ਰਹੀ ਸੀ। ਜਿਸਤੋਂ ਸਾਫ ਜਾਹਰ ਹੁੰਦਾ ਸੀ ਕਿ ਉਹ ਔਰਤ ਉਸਦੀ ਮਾਂ ਹੈ। ਉਹ ਜੁੱਤੀਆਂ ਪਾ ਪਾ ਦੋਵਾਂ ਨੂੰ ਦਿਖਾ ਰਹੀ ਸੀ। ਦੂਸਰੀ ਜਵਾਨ ਕੁੜੀ ਉਸਨੂੰ ਕਈ ਵਾਰ ਆਖਦੀ ਸੀ ਕਿ "ਦੀਦੀ ਆਹ ਨੀ ਵਧੀਆ, ਆਹ ਪਾ ਕੇ ਦੇਖੋ। ਨਹੀਂ ਆਹ ਦੇਖੋ।" ਉਹ ਜੁੱਤੀਆਂ ਦੇ ਚੰਗੇ ਮਾੜੇ ਹੋਣ ਬਾਰੇ ਦੱਸ ਰਹੀ ਸੀ।

ਇਕਬਾਲ ਦਾ ਧਿਆਨ ਉਸ ਹਸੀਨ ਕੁੜੀ ਦੇ ਚਿਹਰੇ ਵਿਚ ਹੀ ਸੀ। ਅਰਸ਼ ਉਸਨੂੰ ਪੁੱਛਦਾ ਕਿ ਕਿਹੜੇ ਬੂਟ ਵਧੀਆ, ਪਰ ਉਹ ਬਿਨਾਂ ਦੇਖੇ ਕਹਿ ਦੇਂਦਾ "ਹਾਂ ਵਧੀਆ, ਲੈਲਾ।"

ਅਰਸ਼ ਸਮਝ ਗਿਆ ਕਿ ਉਹ ਬਿਲਕੁਲ ਧਿਆਨ ਨਹੀਂ ਦੇ ਰਿਹਾ। ਉਹਨੇ ਆਪਣੀ ਮਰਜੀ ਨਾਲ ਹੀ ਜੋ ਬੂਟ ਪਸੰਦ ਆਏ ਖਰੀਦ ਲਏ। ਏਨੇ ਨੂੰ ਉਸ ਕੁੜੀ ਨੇ ਵੀ ਦੋ ਤਿੰਨ ਜੁੱਤੀਆਂ ਦੇ ਜੋੜੇ ਲਏ ਤੇ ਪੈਸੇ ਦੇ ਦੁਕਾਨ ਤੋਂ ਬਾਹਰ ਹੋ ਗਈਆਂ। ਇਕਬਾਲ ਵੀ ਉਹਨਾਂ ਪਿੱਛੇ ਹੀ ਹੋ ਤੁਰਿਆ। ਅਰਸ਼ ਨੇ ਕਾਹਲੀ ਨਾਲ ਦੁਕਾਨਦਾਰ ਨੂੰ ਪੈਸੇ ਦਿੱਤੇ ਤੇ ਬੂਟ ਲੈ ਇਕਬਾਲ ਨੂੰ ਸਮਝਾਉਂਦਾ ਬੋਲਣ ਲੱਗਾ...

"ਕਿਉਂ ਮਾਮਾ ਜੁੱਤੀਆਂ ਪਵਾਉਣੀਆਂ ਈ। ਅਜੇ ਤੇ ਉਹਨਾਂ ਨਵੀਆਂ ਹੀ ਲਈਆਂ ਨੇ। ਵੇਖ ਲਾ ਪੈਰੀਂ ਪਾਉਣ ਤੋਂ ਪਹਿਲਾਂ ਆਪਣੇ ਪੈਣਗੀਆਂ।"

ਇਕਬਾਲ ਨੇ ਇੱਕ ਨਾ ਸੁਣੀ ਤੇ ਉਹਨਾਂ ਪਿੱਛੇ ਹੀ ਤੁਰਦਾ ਗਿਆ। ਉਹਨਾਂ ਦਾ ਧਿਆਨ ਇਕਬਾਲ ਵਿਚ ਨਹੀਂ ਸੀ। ਅਗਰ ਹੁੰਦਾ ਤਾਂ ਉਹ ਸ਼ਾਇਦ ਜ਼ਰੂਰ ਉਸਨੂੰ ਉਹਨਾਂ ਦੇ ਪਿੱਛੇ ਆਉਣ ਦਾ ਕਾਰਨ ਪੁੱਛਦੀਆਂ। ਉਹ ਅੱਗੇ ਅੱਗੇ ਤੁਰਦੀਆਂ ਗਈਆਂ ਤੇ ਇਕਬਾਲ ਉਹਨਾਂ ਪਿੱਛੇ ਪਿੱਛੇ। ਅਰਸ਼ ਨੇ ਫਿਰ ਤੋਂ ਖਿਝਦੇ ਹੋਏ ਆਖਿਆ....

"ਓ ਭਰਾਵਾ ਮੋਟਰਸਾਇਕਲ ਆਪਣਾ ਪਿੱਛੇ ਲੱਗਾ, ਕਿਸੇ ਨੇ ਡਾ ਦੇਣਾ ਈ।"

ਇਕਬਾਲ ਨੇ ਬਿਨਾਂ ਕੁਝ ਬੋਲੇ ਜੇਬ 'ਚੋਂ ਚਾਬੀ ਕੱਢੀ ਤੇ ਅਰਸ਼ ਨੂੰ ਦੇ ਦਿੱਤੀ। ਅਰਸ਼ ਚਾਬੀ ਫੜ੍ਹ ਕਾਹਲੀ ਨਾਲ ਪਿੱਛੇ ਨੂੰ ਮੋਟਰਸਾਇਕਲ ਲੈਣ ਭੱਜਾ ਤੇ ਇਕਬਾਲ ਪੋਲੇ ਪੋਲੇ ਪੈਰਾਂ ਨਾਲ ਉਹਨਾਂ ਪਿੱਛੇ ਹੀ ਤੁਰਦਾ ਗਿਆ।

ਅਚਾਨਕ ਉਹ ਇੱਕ ਗੱਡੀ ਕੋਲ ਰੁਕੀਆਂ ਤੇ ਬਾਰੀਆਂ ਖੋਲ੍ਹ ਅੰਦਰ ਬੈਠ ਗਈਆਂ। ਗੱਡੀ ਤੁਰ ਪਈ। ਏਨੇ ਨੂੰ ਅਰਸ਼ ਮੋਟਰਸਾਇਕਲ ਲੈ ਪਹੁੰਚਿਆ ਤੇ ਉਸਦੇ ਪਹੁੰਚਦੇ ਹੀ ਇਕਬਾਲ ਬੋਲਿਆ...

"ਪਿੱਛੇ ਹੱਟ। ਮੈਂ ਚਲਾਉਂਦਾ ਵਾਂ।"

ਅਰਸ਼ ਬੈਠੇ ਹੀ ਪਿੱਛੇ ਹੋ ਗਿਆ ਤੇ ਇਕਬਾਲ ਕਾਹਲੀ ਨਾਲ ਮੋਟਰਸਾਇਕਲ 'ਤੇ ਚੜ੍ਹ ਗੱਡੀ ਦੇ ਪਿੱਛੇ ਪਿੱਛੇ ਚੱਲ ਪਿਆ। ਅਰਸ਼ ਪਿੱਛੋਂ ਬਥੇਰਾ ਰੌਲਾ ਪਾਉਂਦਾ ਰਿਹਾ ਪਰ ਇਕਬਾਲ ਨੇ ਉਸਦੀ ਇੱਕ ਨਾ ਸੁਣੀ ਤੇ ਗੱਡੀ ਦੇ ਪਿੱਛੇ ਹੌਲੀ ਹੌਲੀ ਚੱਲਦਾ ਗਿਆ।

ਗੱਡੀ ਹਾਲ ਬਜ਼ਾਰ ਨੂੰ ਪਾਰ ਕਰ, ਐਲਬਰਟ ਚੌਂਕ ਤੋਂ ਹੁੰਦੇ ਕਚਿਹਰੀ ਰੋਡ ਰਾਹੀਂ ਰਣਜੀਤ ਐਵੀਨਿਊ ਦੇ ਸੀ(C) ਬਲਾਕ ਵਿਚ ਘਰ ਨੰ: 135 ਦੇ ਸਾਹਮਣੇ ਜਾ ਰੁਕੀ।

ਡਰਾਇਵਰ ਨੇ ਗੱਡੀ ਘਰ ਦੇ ਬਾਹਰ ਹੀ ਖੜੀ ਕੀਤੀ ਤੇ ਉਹ ਔਰਤਾਂ ਘਰ ਅੰਦਰ ਚਲੀਆਂ ਗਈਆਂ। ਇਕਬਾਲ ਵੀ ਉਹਨਾਂ ਦਾ ਪਿੱਛਾ ਕਰਦਾ ਉੱਥੇ ਜਾ ਪਹੁੰਚਿਆ। ਉਸਨੇ ਉਹਨਾਂ ਨੂੰ ਘਰ ਅੰਦਰ ਜਾਂਦੇ ਦੇਖ ਲਿਆ। ਉਹ ਸਮਝ ਗਿਆ ਕਿ ਇਹੀ ਉਹਨਾਂ ਦਾ ਘਰ ਹੈ। ਅਰਸ਼ ਪਿੱਛੇ ਬੈਠਾ ਤਰਲੇ ਲੈਂਦਾ ਰਿਹਾ ਕਿ ਮੁੜ ਚੱਲੀਏ। ਪਰ ਇਕਬਾਲ ਨੂੰ ਜਿਵੇਂ ਕੋਈ ਡਰ ਨਾ ਹੋਵੇ। ਖਿਝ ਅਰਸ਼ ਬੋਲਿਆ...

"ਚੱਲ ਚੱਲੀਏ ਯਾਰ। ਏਦਾਂ ਕਿਸੇ ਦੇ ਘਰ ਸਾਹਮਣੇ ਖਲੋਣਾ ਚੰਗੀ ਗੱਲ ਨਹੀਂ ਆ। ਐਵੇਂ ਛਿੱਤਰ ਪਵਾਂਵੇਗਾ। ਚੱਲ ਮੇਰਾ ਭਰਾ।"

"ਨਹੀਂ ਯਾਰ ਬਸ ਇੱਕੋ ਵਾਰ ਉਹ ਕੁੜੀ ਨੂੰ ਵੇਖਣਾ ਈ। ਫਿਰ ਚਲੇ ਜਾਂਵਾਂਗੇ।"

"ਓ ਭਰਾਵਾ ਕੀ ਕਰਨਾ ਈ ਉਹਨੂੰ ਵੇਖ ਕੇ? ਕਿੰਨੇ ਚਿਰ ਦਾ ਉਹਨੂੰ ਹੀ ਤੇ ਵੇਖਣ ਡਿਆ ਈ। ਹੋਰ ਕੀ ਪੰਡ ਪਾਉਣੀ ਓ ਤੂੰ।"

"ਬਸ ਇੱਕੋ ਵਾਰੀ ਵੇਖਣਾ ਈ। ਪਤਾ ਨਹੀਂ ਮੇਰਾ ਜੀਅ ਨੀ ਭਰਨ ਡਿਆ ਉਹਨੂੰ ਵੇਖਣ ਤੋਂ।"

"ਕੋਈ ਫਾਇਦਾ ਨੀ ਤੇਰੇ ਵੇਖਣ ਦਾ ਉਹਨੂੰ। ਵਿਆਹ ਹੋਣ ਵਾਲਾ ਓਹਦਾ।"

"ਤੈਨੂੰ ਕਿੱਦਾ ਪਤਾ?"

"ਲੈ, ਮਾਮਾ ਓਦੀਆਂ ਬਾਹਵਾਂ ਨੀ ਵੇਖੀਆਂ, ਕਿੱਦਾਂ ਚੂੜੀਆਂ ਨਾਲ ਭਰੀਆਂ ਪਈਆਂ ਵਾ। ਉਹ ਵੇਖ ਤਾਂ ਕੋਈ ਵੀ ਦੱਸ ਦੂ ਕਿ ਵਿਆਹ ਹੋਣ ਵਾਲਾ ਓਹਦਾ।"

"ਤੂੰ ਆਪ ਹੀ ਨਾ ਗੱਲਾਂ ਬਣਾਈ ਚੱਲ। ਬੰਦਾ ਉਂਝ ਵੀ ਤਾਂ ਸ਼ੌਂਕ ਨਾਲ ਚੂੜੀਆਂ ਪਾ ਸਕਦਾ ਵਾ।"

"ਓ ਭਰਾ, ਪਾ ਸਕਦਾ ਵਾ, ਪਰ ਏਨੀਆਂ ਥੋੜਾ?"

"ਤੈਨੂੰ ਕੀ ਪਤਾ ਦੱਸ।"

"ਨਹੀਂ ਮੰਨਣਾ ਤਾਂ ਨਾ ਮੰਨ, ਮੈਨੂੰ ਕੀ?"

"ਤੂੰ ਚੁੱਪ ਰਹਿ ਬਸ ਮੈਂ ਇੱਕ ਵਾਰ ਵੇਖਣਾ ਉਹਨੂੰ, ਫਿਰ ਆਪਾਂ ਚਲੇ ਜਾਂਵਾਂਗੇ।"

ਅਰਸ਼ ਨੇ ਉਹਨੂੰ ਲੱਖ ਸਮਝਾਇਆ ਪਰ ਇਕਬਾਲ ਨੇ ਉਸਦੀ ਇੱਕ ਨਾ ਸੁਣੀ। ਅਰਸ਼ ਇੱਕ ਪਾਸੇ ਚੁੱਪ ਹੋ ਬੈਠ ਗਿਆ ਤੇ ਇਕਬਾਲ ਉਸਦੇ ਘਰ 'ਤੇ ਨਜ਼ਰ ਗੱਡੀ ਖੜਿਆ ਰਿਹਾ। ਕਰੀਬ ਡੇਢ ਘੰਟਾ ਲੰਘ ਗਿਆ ਤਾਂ ਅਰਸ਼ ਖਿਝ ਫਿਰ ਬੋਲਿਆ..

"ਓ ਭਰਾਵਾ ਚੱਲ ਚੱਲੀਏ। ਗੁਰੂ ਘਰ ਦਰਸ਼ਨ ਕਰਨ ਵੀ ਜਾਣਾ ਵਾ।"

"ਮੇਰੇ ਤਾਂ ਹੋ ਗਏ ਦਰਸ਼ਨ ਤੂੰ ਚਲਾ ਜਾਵੀਂ।"

"ਹੱਦ ਹੋਗੀ ਤੇਰੇ ਵਾਲੀ ਯਾਰ। ਮੈਂ ਚੱਲਿਆ ਈ ਦੇਖਲਾ।"

"ਹਾਂ ਜਾਹ।"

ਅਰਸ਼ ਨੇ ਇਕਬਾਲ ਨੂੰ ਦਿਖਾਉਣ ਲਈ ਦੋ ਕਦਮ ਤਾਂ ਪੁੱਟੇ ਪਰ ਅੱਗੇ ਨਾ ਵਧਿਆ। ਫਿਰ ਰੁਕ ਗਿਆ। ਮੁੜ ਤੋਂ ਇੱਕ ਪਾਸੇ ਹੋ ਬੈਠ ਗਿਆ। ਇਕਬਾਲ ਅਜੇ ਵੀ ਘਰ 'ਤੇ ਨਜ਼ਰਾਂ ਗੱਡੀ ਖੜਾ ਸੀ। ਕਰੀਬ ਪੰਜ ਕੁ ਮਿੰਟ ਪਿੱਛੋਂ ਓਹੀ ਕੁੜੀ ਆਪਣੇ ਵਾਲਾਂ ਨੂੰ ਤੌਲੀਏ ਨਾਲ ਪੂੰਝਦੀ ਘਰ ਦੀ ਬਾਲਕੋਨੀ ਵਿਚ ਆਉਂਦੀ ਨਜ਼ਰ ਆਈ। ਜਿਉਂ ਹੀ ਇਕਬਾਲ ਦੀ ਨਜ਼ਰ ਉਸਤੇ ਪਈ। ਉਹ ਇਕਦਮ ਸਾਵਧਾਨ ਹੋ ਗਿਆ। ਉਸਨੂੰ ਲੱਗਾ ਜਿਵੇਂ ਸਭ ਕੁਝ ਹੌਲੀ ਹੌਲੀ ਸਲੋਅ ਮੋਸ਼ਨ ਵਿਚ ਹੋ ਰਿਹਾ ਹੋਵੇ। ਕੁੜੀ ਇੱਕ ਦਮ ਹੌਲੀ ਹੌਲੀ ਆਪਣੇ ਸਿਲਕੀ ਵਾਲਾਂ ਨੂੰ ਪੂੰਝ ਰਹੀ ਸੀ। ਉਸਦੇ ਲੰਮੇ ਹਸੀਨ ਵਾਲ ਸਨ। ਜੋ ਏਨੇ ਲੰਮੇ ਸੀ ਕਿ ਉਸਦੀ ਕਮਰ ਤੋਂ ਕਿੰਨੇ ਹੀ ਨੀਵੇਂ ਜਾਪਦੇ ਸੀ। ਇਕ ਦਮ ਕਾਲੇ, ਜਿਵੇਂ ਮੱਸਿਆ ਦੀ ਕਾਲੀ ਰਾਤ ਉਸਦੇ ਵਾਲਾਂ ਵਿਚੋਂ ਹੀ ਉਪਜਦੀ ਹੋਵੇ। ਉਸਦੀ ਜਿਉਂ ਹੀ ਨਜ਼ਰ ਇਕਬਾਲ ਉੱਤੇ ਪਈ। ਇਕਬਾਲ ਉਸਦੀਆਂ ਮੋਟੀਆਂ ਕਾਲੀਆਂ ਅੱਖਾਂ ਵੇਖ ਦੰਗ ਰਹਿ ਗਿਆ। ਜਿਵੇਂ ਉਸਦੇ ਸਾਹ ਹੀ ਥੰਮ ਗਏ ਹੋਣ। ਉਹਦੇ ਤੋਂ ਹੌਕਾ ਤੱਕ ਨਾ ਲਿਆ ਗਿਆ। ਕੁੜੀ ਨੇ ਨਜ਼ਰ ਭਰ ਦੇਖਿਆ ਤਾਂ ਰੋਸ ਪ੍ਰਗਟ ਕੀਤਾ। ਉਹ ਜਾਣ ਗਈ ਕਿ ਇਹ ਓਹੀ ਮੁੰਡਾ ਹੈ ਜੋ ਜੁੱਤੀਆਂ ਦੀ ਦੁਕਾਨ ਵਿਚ ਵੀ ਉਸ ਵੱਲ ਵੇਖ ਰਿਹਾ ਸੀ ਤੇ ਹੁਣ ਉਸਦਾ ਪਿੱਛਾ ਕਰਦੇ ਉਸਦੇ ਘਰ ਤੱਕ ਅੱਪੜ ਆਇਆ ਸੀ। ਉਸਨੇ ਨਜ਼ਰ ਫੇਰੀ ਹੀ ਕਿ ਉਸਨੂੰ ਪਿੱਛਿਉਂ ਆਵਾਜ਼ ਆਈ...

"ਸਾਜੀਆ......"

ਉਸਨੂੰ ਜਿਉਂ ਹੀ ਆਵਾਜ਼ ਆਈ ਸਭ ਸਲੋਅ ਮੋਸ਼ਨ ਦਾ ਵਾਤਾਵਰਨ ਸਾਧਾਰਨ ਹੋ ਗਿਆ। ਕੁੜੀ ਆਵਾਜ਼ ਸੁਣ ਪਿਛਾਂਹ ਚਲੀ ਗਈ ਤੇ ਇਕਬਾਲ ਦੀ ਸੁਰਤ ਟੁੱਟ ਗਈ। ਕੁੜੀ

ਦੇ ਜਾਂਦਿਆ ਹੀ ਅਰਸ਼ ਇਕਬਾਲ ਵੱਲ ਆਇਆ ਤੇ ਉਸਨੂੰ ਮੋਟਰਸਾਇਕਲ ਦੇ ਪਿੱਛੇ ਬਿਠਾ ਆਪ ਚਲਾਉਣ ਲੱਗਾ। ਇਕਬਾਲ ਦੀਆਂ ਨਜ਼ਰਾਂ ਵਿਚ ਅਜੇ ਵੀ ਉਸ ਕੁੜੀ "ਸਾਜੀਆ" ਦਾ ਚਿਹਰਾ ਘੁੰਮ ਰਿਹਾ ਸੀ। ਉਹਦਾ ਹਾਲ ਏਵੇਂ ਦਾ ਸੀ ਜਿਵੇਂ ਉਸਨੂੰ ਕੋਈ ਬਹੁਤ ਤੇਜ਼ ਨਸ਼ਾ ਚੜ੍ਹ ਗਿਆ ਹੋਵੇ। ਸਾਰਾ ਰਾਹ ਉਹ ਬਸ ਸਾਜੀਆ ਬਾਰੇ ਹੀ ਸੋਚਦਾ ਰਿਹਾ। ਅਰਸ਼ ਨੇ ਮੋਟਰਸਾਇਕਲ ਨੂੰ ਜਾ ਕਾਲਜ ਸਾਹਮਣੇ ਖੜਾ ਕੀਤਾ ਤੇ ਆਪ ਉੱਤਰ ਇਕਬਾਲ ਨੂੰ ਅਲਵਿਦਾ ਕਿਹਾ। ਪਰ ਇਕਬਾਲ ਨੇ ਧਿਆਨ ਨਾ ਦਿੱਤਾ ਤੇ ਆਪਣੇ ਆਪ ਵਿਚ ਮਸਤ ਘਰ ਨੂੰ ਤੁਰ ਪਿਆ।

ਅਰਸ਼ ਤੇ ਇਕਬਾਲ ਖਾਲਸਾ ਕਾਲਜ ਵਿਚ ਐੱਮ.ਏ. ਦੇ ਵਿਦਿਆਰਥੀ ਸਨ ਤੇ ਅਰਸ਼ ਕਾਲਜ ਦੇ ਹੀ ਹੋਸਟਲ ਵਿਚ ਰਹਿੰਦਾ ਸੀ। ਇਕਬਾਲ ਦਾ ਘਰ ਕੋਟ ਖਾਲਸਾ ਵਿਚ ਫਾਟਕ ਦੇ ਕੋਲ ਇਕ ਮੁਹੱਲੇ ਵਿਚ ਸੀ। ਜਿੱਥੇ ਕਈ ਸ਼ਾਹੂਕਾਰ ਤੇ ਗਿਆਨਵਾਨ ਲੋਕ ਰਹਿੰਦੇ ਸਨ। ਇਕਬਾਲ ਘਰ ਪਹੁੰਚਿਆ ਤੇ ਸਾਜੀਆ ਦੇ ਖਿਆਲਾਂ ਵਿਚ ਗੁੰਮ ਆਪਣੇ ਕਮਰੇ ਵਿਚ ਜਾ ਲੰਮੇ ਪੈ ਗਿਆ। ਪਤਾ ਹੀ ਨਾ ਲੱਗਾ ਕਦ ਉਸਨੂੰ ਨੀਂਦ ਆ ਗਈ। ਰਾਤ ਉਸਦੀ ਅੰਮੀ ਨੇ ਉਸਨੂੰ ਆਵਾਜ਼ ਲਾਈ ਤੇ ਰੋਟੀ ਖਾਣ ਲਈ ਕਿਹਾ। ਉਹਨੇ ਇੱਕ ਦੋ ਰੋਟੀ ਖਾਧੀ ਤੇ ਘਰ ਦੀ ਛੱਤ ‘ਤੇ ਚੜ੍ਹ ਕੰਨਾਂ ਵਿਚ ਹੈੱਡਫੂਨ ਲਾ ਗਾਣੇ ਸੁਣਨ ਲੱਗਾ। ਕੁਝ ਦੇਰ ਪਿੱਛੋਂ ਤਾਰਿਆਂ ਦੀ ਛਾਵੇਂ ਹੀ ਛੱਤ ਉਪਰ ਸੌਂ ਗਿਆ।

ਅਗਲੀ ਸਵੇਰ ਹੁੰਦੇ ਹੀ ਉਹਨੇ ਚਾਹ ਪਾਣੀ ਪੀਤਾ ਤੇ ਮੋਟਰਸਾਇਕਲ ਚੁੱਕ ਸਾਜੀਆ ਦੇ ਘਰ ਸਾਹਮਣੇ ਜਾ ਅੱਪੜਿਆ। ਕਿੰਨਾ ਚਿਰ ਖੜਿਆ ਰਿਹਾ। ਆਉਂਦੇ ਜਾਂਦੇ ਲੋਕ ਉਸ ਵੱਲ ਦੇਖਦੇ ਪਰ ਕਿਸੇ ਨੇ ਉਸਨੂੰ ਕੁਝ ਪੁੱਛਿਆ ਨਾ। ਸ਼ਹਿਰਾਂ ਵਿਚ ਇੰਞ ਹੀ ਹੁੰਦਾ ਹੈ। ਲੋਕ ਬਹੁਤਾ ਕਿਸੇ ਵੱਲ ਧਿਆਨ ਨਹੀਂ ਦੇਂਦੇ। ਸਭ ਨੂੰ ਆਪੋ ਆਪਣੀ ਹੁੰਦੀ ਹੈ। ਕਿਸੇ ਕੋਲ ਕਿਸੇ ਦੇ ਲਈ ਵਕਤ ਹੀ ਨਹੀਂ ਹੈ। ਉਹ ਨਜ਼ਰਾਂ ਗੱਡੀ ਖੜਾ ਸੀ। ਇਕਦਮ ਤਿਆਰ ਬਰ ਤਿਆਰ, ਜਿਵੇਂ ਵਿਆਹ ਆਇਆ ਹੋਵੇ। ਨਵੀਂ ਕਮੀਜ਼, ਨਵੀਂ ਪੈਂਟ, ਵਾਲ ਵਾਹੇ ਹੋਏ, ਅੱਖਾਂ ਤੇ ਐਨਕਾਂ, ਕੰਨ ਵਿਚ ਨੱਤੀਆਂ। ਪੂਰਾ ਵਿਹਲਾ ਤੇ ਸ਼ੌਕੀਨ ਪੰਜਾਬੀ। ਸਵੇਰ ਦੇ ਗਿਆਰਾਂ ਵੱਜ ਗਏ ਪਰ ਉਸਨੂੰ ਸਾਜੀਆ ਨਜ਼ਰ ਨਾ ਆਈ। ਮਨ ਵਿਚ ਬਥੇਰਾ ਵਿਚਾਰ ਬਣਾਵੇਂ ਕਿ "ਉਸਦੇ ਘਰ ਚਲਾ ਜਾਵੇ। ਪਰ ਫਿਰ ਸੋਚੇ ਕਿ ਕੀ ਕਹੇਗਾ ਘਰ ਜਾ। ਕੀ ਕਰਨ

ਆਇਆ ਏ? ਕਿਸਨੂੰ ਮਿਲਣ ਆਇਆ ਏ?" ਆਪਣੇ ਮਨ ਨਾਲ ਜੂਝਦਾ ਉਹ ਓਥੇ ਹੀ ਖੜਾ ਰਿਹਾ। ਕੁਝ ਦੇਰ ਪਿੱਛੋਂ ਉਹਨੇ ਵੇਖਿਆ ਕਿ ਉਸਦੀ ਭੈਣ ਸਾਹਮਣੇ ਘਰ ਦੀ ਛੱਤ ਉਪਰ ਕਿਸੇ ਨੂੰ ਫ਼ੂਨ ਕਰ ਰਹੀ ਸੀ। ਇਕਬਾਲ ਨੇ ਉਸਨੂੰ ਬਥੇਰੇ ਇਸ਼ਾਰੇ ਕੀਤੇ ਪਰ ਉਸਦਾ ਧਿਆਨ ਇਕਬਾਲ ਵੱਲ ਨਾ ਗਿਆ। ਪਰ ਜਿਉਂ ਹੀ ਉਸਨੇ ਫ਼ੂਨ ਬੰਦ ਕੀਤਾ ਤਾਂ ਉਸਨੇ ਇਕਬਾਲ ਨੂੰ ਦੇਖਿਆ। ਇਕਬਾਲ ਨੇ ਦੂਰੋਂ ਹੀ ਹੱਥ ਜੋੜੇ ਤੇ ਮਨ ਅੰਦਰ ਆਖਿਆ... "ਸ਼ੁਕਰ ਆ।"

ਉਸਦੇ ਇਸ਼ਾਰੇ ਦੇਖ ਕੁੜੀ ਹੈਰਾਨ ਰਹਿ ਗਈ ਕਿ ਇਹ ਕੌਣ ਏ ਜੋ ਉਸਨੂੰ ਇਸ਼ਾਰੇ ਕਰ ਰਿਹਾ ਏ। ਉਸਨੇ ਪਹਿਚਾਣਿਆ ਨਾ। ਇਕਬਾਲ ਨੇ ਇਸ਼ਾਰੇ ਨਾਲ ਸਾਜੀਆ ਬਾਰੇ ਪੁੱਛਿਆ ਪਰ ਕੁੜੀ ਨੂੰ ਕੁਝ ਸਮਝ ਨਾ ਆਇਆ। ਕੁਝ ਯਤਨਾਂ ਪਿੱਛੋਂ ਉਸਨੂੰ ਇਕਬਾਲ ਦੀ ਗੱਲ ਸਮਝ ਆ ਹੀ ਗਈ। ਤੇ ਉਸਨੇ ਇਸ਼ਾਰੇ ਨਾਲ ਕਿਹਾ ਕਿ.. "ਰੁਕੋ ਬੁਲਾਉਂਦੀ ਹਾਂ।"

ਕੁੜੀ ਛੱਤ ਤੋਂ ਘਰ ਅੰਦਰ ਗਈ ਤੇ ਸਾਜੀਆ ਨੂੰ ਲੈ ਘਰ ਦੀ ਬਾਲਕੋਨੀ ਵਿਚ ਆ ਪਹੁੰਚੀ। ਉਹਨਾਂ ਦੀ ਆਵਾਜ਼ ਤਾਂ ਨਹੀਂ ਸੀ ਸੁਣਾਈ ਦੇਂਦੀ ਕਿ ਉਹ ਕੀ ਗੱਲਾਂ ਕਰਦੀਆਂ ਹੋਣ ਪਰ ਇਸ਼ਾਰਿਆਂ ਤੋਂ ਪਤਾ ਲੱਗਦਾ ਸੀ ਕਿ ਸਾਜੀਆ ਕੁੜੀ ਨੂੰ ਪੁੱਛਦੀ ਸੀ ਕਿ ਕੀ ਗੱਲ ਏ? ਜਿਉਂ ਹੀ ਸਾਜੀਆ ਦੀ ਨਜ਼ਰ ਇਕਬਾਲ ਉਪਰ ਪਈ। ਇਕਬਾਲ ਫਿਰ ਤੋਂ ਸੁੰਨ ਹੋ ਗਿਆ ਤੇ ਹੱਥ ਜੋੜ ਸਾਜੀਆ ਨੂੰ ਸਤਿ ਸ੍ਰੀ ਅਕਾਲ ਬੁਲਾਈ। ਉਹ ਆਪ ਤਾਂ ਮੁਸਲਮਾਨ ਸੀ ਪਰ ਸਾਜੀਆ ਦੇ ਸਿੱਖ ਹੋਣ ਕਾਰਨ ਉਸਦੇ ਅੰਦਰੋਂ ਸਤਿ ਸ੍ਰੀ ਅਕਾਲ ਹੀ ਨਿਕਲੀ। ਸਾਜੀਆ ਵੇਖ ਹੈਰਾਨ ਰਹਿ ਗਈ ਕਿ ਇਹ ਤਾਂ ਕੱਲ੍ਹ ਵਾਲਾ ਹੀ ਮੁੰਡਾ ਏ। ਉਸਨੇ ਇਕਬਾਲ ਅੱਗੇ ਹੱਥ ਜੋੜੇ ਤੇ ਹੱਥ ਦੇ ਇਸ਼ਾਰੇ ਨਾਲ ਉਸਨੂੰ ਉੱਥੋਂ ਜਾਣ ਲਈ ਆਖਿਆ। ਪਰ ਇਕਬਾਲ ਨੇ ਇਸ਼ਾਰੇ ਨਾਲ ਸਾਜੀਆ ਨੂੰ ਹੇਠਾਂ ਉਸ ਕੋਲ ਆਉਣ ਲਈ ਕਿਹਾ। ਸਾਜੀਆ ਦੇ ਚਿਹਰੇ ਤੋਂ ਸਾਫ ਜਾਹਿਰ ਹੁੰਦਾ ਸੀ ਕਿ ਉਹ ਡਰੀ ਹੋਈ ਏ। ਉਸਨੇ ਉਸ ਕੁੜੀ ਨੂੰ ਕਿਹਾ ਜੋ ਕਿ ਉਸਦੀ ਭੈਣ ਸੀ...

"ਕੀਰਤ ਜਾ ਯਾਰ ਉਸਨੂੰ ਕਹਿ ਚਲਾ ਜਾਵੇ। ਕਿਉਂ ਸਾਡੀ ਬਦਨਾਮੀ ਕਰਵਾਉਣੀ ਏ।"

"ਦੀਦੀ ਮੈਂ ਕਿਵੇਂ ਆਖਾਂ? ਮੈਂ ਕਿਹੜਾ ਜਾਣਦੀ ਆ ਉਹਨੂੰ। ਆਪਾਂ ਮੰਮੀ ਨੂੰ ਦੱਸ ਦੇਂਦੇ ਆ। ਆਪੇ ਭੇਜ ਦੇਣਗੇ।"

"ਨਹੀਂ ਨਹੀਂ ਮੰਮੀ ਕੋਲ ਨਾ ਗੱਲ ਕਰੀਂ।"

"ਕਿਉਂ ਤੁਸੀਂ ਜਾਣਦੇ ਹੋ ਉਸਨੂੰ?"

ਸਾਜੀਆ ਨੇ ਉਸਨੂੰ ਕੋਈ ਜੁਆਬ ਨਾ ਦਿੱਤਾ ਤੇ ਕੁਝ ਦੇਰ ਪਿੱਛੋਂ ਬੋਲੀ...

"ਜਾਹ ਮੇਰੀ ਭੈਣ ਪਲੀਜ਼, ਉਸਨੂੰ ਕਹਿ ਚਲਾ ਜਾਵੇ।"

ਸਾਜੀਆ ਬਹੁਤ ਜ਼ਿਆਦਾ ਡਰੀ ਜਾਪ ਰਹੀ ਸੀ। ਕੀਰਤ ਹੈਰਾਨ ਸੀ ਉਸਦੇ ਇਸ ਤਰ੍ਹਾਂ ਡਰ ਜਾਣ 'ਤੇ। ਉਸਨੇ ਸਾਜੀਆ ਨੂੰ ਸੰਭਾਲਦੇ ਹੋਏ ਕਿਹਾ...

"ਠੀਕ ਆ ਠੀਕ ਆ, ਤੁਸੀਂ ਘਬਰਾਉ ਨਾ। ਮੈਂ ਜਾਂਦੀ ਹਾਂ ਹੁਣੇ ਨੀਚੇ। ਕਹਿੰਦੀ ਉਹਨੂੰ ਕਿ ਚਲਾ ਜਾਵੇ।"

"ਹਾਂ ਪਲੀਜ਼ ਮੇਰੀ ਭੈਣ।"

ਕੀਰਤ ਕਾਹਲੀ ਨਾਲ ਹੇਠਾਂ ਆ ਗਈ ਤੇ ਸਾਜੀਆ ਉੱਪਰ ਖੜੀ ਹੀ ਦੇਖਦੀ ਰਹੀ। ਕੀਰਤ ਨੂੰ ਕੋਲ ਆਉਂਦਾ ਦੇਖ ਇਕਬਾਲ ਸਿੱਧਾ ਹੋ ਖੜ ਗਿਆ ਤੇ ਕੋਲ ਆਉਂਦੇ ਹੀ ਬੋਲਿਆ..

"ਸਤਿ ਸ੍ਰੀ ਜੀ।"

"ਸਤਿ ਸ੍ਰੀ ਅਕਾਲ। ਹਾਂਜੀ ਦੱਸੋ।"

"ਕੁਝ ਨਹੀਂ ਬਸ ਸਾਜੀਆ ਨਾਲ ਗੱਲ ਕਰਨੀ ਸੀ।"

"ਅੱਛਾ ਕੀ ਗੱਲ ਕਰਨੀ। ਮੈਨੂੰ ਦੱਸੋ, ਮੈਂ ਆਪੇ ਦੱਸ ਦੇਂਦੀ ਉਹਨੂੰ।"

"ਹਾਹਾਹਾ.. ਹੁਣ ਉਸ ਨਾਲ ਜੋ ਗੱਲ ਕਰਨੀ ਤੁਹਾਡੇ ਨਾਲ ਕਿਵੇਂ ਕਰ ਸਕਦਾ?"

"ਕਿਉਂ? ਕਿਉਂ ਨੀ ਕਰ ਸਕਦੇ? ਮੈਂ ਭੈਣ ਵਾ ਓਹਦੀ, ਮੇਰੇ ਤੇ ਉਸ ਵਿਚ ਕੋਈ ਫਰਕ ਨੀ।"

"ਹਾਹਾਹਾਹ.. ਨਹੀਂ ਤੁਸੀਂ ਉਸਨੂੰ ਭੇਜ ਦਿਉ।"

"ਜੋ ਗੱਲ ਕਰਨੀ ਮੇਰੇ ਨਾਲ ਕਰਲੋ। ਨਹੀਂ ਤਾਂ ਚਲੇ ਜਾਵੋ? ਵਰਨਾ।"

"ਹਾਹਾਹਾ.. ਵਰਨਾ ਕੁੱਟੋਗੇ। ਜਾਂ ਘਰੇ ਸ਼ਿਕਾਇਤ ਲਾਵੋਗੇ। ਮੁਆਫ ਕਰਨਾ ਜੇ ਇੰਝ ਹੀ ਕਰਨਾ ਹੁੰਦਾ ਤਾਂ ਤੁਸੀਂ ਆਪ ਗੱਲ ਕਰਨ ਨਾ ਆਉਂਦੇ ਤੁਹਾਡੇ ਘਰਦੇ ਬਾਹਰ ਆਉਂਦੇ।"

"ਜੋ ਵੀ ਆ, ਵੱਟ ਐਵਰ? ਕੋਈ ਗੱਲ ਹੈ ਤਾਂ ਦੱਸੋ ਨਹੀਂ ਤਾਂ ਆਪਣੇ ਰਾਹ ਪਵੋ। ਐਵੇਂ ਪ੍ਰੇਸ਼ਾਨ ਨਾ ਕਰੋ।"

"ਬਸ ਮੈਂ ਸਾਜੀਆ ਨਾਲ ਇੱਕ ਵਾਰ ਗੱਲ ਕਰ ਚਲਾ ਜਾਵਾਂਗਾ। ਤੁਸੀਂ ਭੇਜ ਦਿਓ ਉਹਨੂੰ।"

"ਤੁਸੀਂ ਜਾਣਦੇ ਹੋ ਦੀਦੀ ਨੂੰ?"

"ਇਸ ਨਾਲ ਕੀ ਫਰਕ ਪੈਂਦਾ? ਬਸ ਮੈਂ ਗੱਲ ਕਰ ਚਲਾ ਜਾਵਾਂਗਾ। ਤੁਸੀਂ ਬੁਲਾਉ ਉਹਨਾਂ ਨੂੰ।"

ਕੀਰਤ ਨੂੰ ਕੋਈ ਜੁਆਬ ਨਾ ਆਇਆ ਤੇ ਇਕਬਾਲ ਚੁੱਪ ਹੋ ਸਾਜੀਆ ਵੱਲ ਦੇਖਦਾ ਰਿਹਾ। ਸਾਜੀਆ ਵੀ ਬਾਲਕੋਨੀ ਵਿਚ ਖੜੀ ਸਭ ਦੇਖ ਰਹੀ ਸੀ ਤੇ ਉਸਦੇ ਚਿਹਰੇ ਤੇ ਪ੍ਰੇਸ਼ਾਨੀ ਸਾਫ ਝਲਕ ਰਹੀ ਸੀ। ਕੀਰਤ ਉਪਰ ਗਈ ਤੇ ਸਾਜੀਆ ਨੂੰ ਸਭ ਦੱਸਿਆ। ਸਾਜੀਆ ਹੋਰ ਘਬਰਾਈ ਪਰ ਘਰ ਤੋਂ ਬਾਹਰ ਪੈਰ ਨਾ ਪੁੱਟਿਆ। ਇਕਬਾਲ ਉੱਥੇ ਹੀ ਖੜਾ ਉਡੀਕਦਾ ਰਿਹਾ। ਸਵੇਰ ਤੋਂ ਸ਼ਾਮ ਹੋਈ ਤੇ ਸ਼ਾਮ ਤੋਂ ਰਾਤ ਪਰ ਇਕਬਾਲ ਨਾ ਹਿੱਲਿਆ। ਓਧਰ ਘਰ ਅੰਦਰ ਸਾਜੀਆ ਦਾ ਬੁਰਾ ਹਾਲ ਸੀ। ਉਹ ਚੋਰੀ ਜਿਹੇ ਇਕਬਾਲ ਨੂੰ ਖੜਾ ਦੇਖ ਲੈਂਦੀ ਸੀ। ਪਰ ਬਾਹਰ ਨਹੀਂ ਸੀ ਜਾਂਦੀ। ਪੂਰੀ ਤਰ੍ਹਾਂ ਡਰੀ ਹੋਈ ਸੀ। ਰਾਤ ਦੇ ਬਾਰਾਂ ਵੱਜੇ ਤਾਂ ਇਕਬਾਲ ਆਪਣੇ ਘਰ ਨੂੰ ਤੁਰ ਪਿਆ। ਸਾਜੀਆ ਆਪਣਾ ਮਨ ਬਣਾ ਬਾਹਰ ਆਈ ਤਾਂ ਇਕਬਾਲ ਉੱਥੇ ਨਹੀਂ ਸੀ। ਸਾਜੀਆ ਦੀ ਸਾਰੀ ਰਾਤ ਫਿਕਰ ਵਿਚ ਲੰਘੀ ਤੇ ਇਕਬਾਲ ਦੀ ਸਾਜੀਆ ਦੇ ਖਿਆਲਾਂ ਵਿਚ।

ਅਗਲੀ ਸਵੇਰ ਮੁੜ ਤੋਂ ਇਕਬਾਲ ਤਿਆਰ ਹੋਇਆ ਤੇ ਸਾਜੀਆ ਦੇ ਘਰ ਸਾਹਮਣੇ ਜਾ ਖੜਿਆ। ਸਾਜੀਆ ਉੱਠਦੇ ਹੀ ਬਾਲਕੋਨੀ ਵਿਚ ਗਈ ਤਾਂ ਦੇਖਿਆ ਕਿ ਇਕਬਾਲ ਬਾਹਰ ਖੜਾ ਸੀ। ਇਕਬਾਲ ਨੂੰ ਦੇਖਦੇ ਹੀ ਉਸਦਾ ਹੌਕਾ ਨਿਕਲ ਗਿਆ। ਇਕਬਾਲ ਨੇ ਸਾਜੀਆ ਨੂੰ ਦੇਖਦੇ ਹੀ ਹੱਥ ਜੋੜ ਮੱਥਾ ਟੇਕਿਆ। ਜਿਵੇਂ ਸੁੱਚੇ ਮੂੰਹ ਲੋਕੀ ਗੁਰੂ ਘਰ ਵੱਲ ਹੱਥ ਜੋੜ ਸਿਰ ਨਿਵਾਂ ਮੱਥਾ ਟੇਕਦੇ ਹੋਣ। ਇਕਬਾਲ ਦੇ ਚਿਹਰੇ 'ਤੇ ਮੁਸਕਾਨ ਸੀ ਤੇ ਸਾਜੀਆ ਦੇ

ਚਿਹਰੇ ‘ਤੇ ਡਰ। ਸਾਜੀਆ ਕਾਹਲੀ ਨਾਲ ਅੰਦਰ ਨੂੰ ਭੱਜੀ ਤੇ ਆਪਣੀ ਭੈਣ ਦੇ ਕਮਰੇ 'ਚ ਉਸਨੂੰ ਉਠਾਇਆ ਤੇ ਬੋਲੀ..

"ਕੀਰਤ ਯਾਰ ਉਹ ਫਿਰ ਆ ਗਿਆ ਈ?"

"ਦੀਦੀ ਕੌਣ ਆ ਗਿਆ?"

"ਇਕਬਾਲ ਯਾਰ ਹੋਰ ਕੌਣ?"

"ਕੌਣ ਇਕਬਾਲ?"

"ਓਹੀ ਜੋ ਕੱਲ੍ਹ ਆਇਆ ਸੀ।"

"ਕੀ ਆ ਯਾਰ। ਸਵੇਰੇ ਸਵੇਰ ਨੀਂਦ ਖਰਾਬ ਕਰਤੀ।"

ਕੀਰਤ ਉੱਠੀ ਤੇ ਬਾਲਕੋਨੀ ਰਾਹੀਂ ਇਕਬਾਲ ਨੂੰ ਵੇਖ ਦੰਗ ਰਹਿ ਗਈ ਤੇ ਹੇਠਾਂ ਜਾਣ ਲੱਗੀ। ਅਚਾਨਕ ਉਸਦੇ ਦਿਮਾਗ ਵਿਚ ਕੁਝ ਆਇਆ ਤੇ ਰੁਕ ਪਿੱਛੇ ਮੁੜ ਸਾਜੀਆ ਕੋਲ ਆ ਬੋਲੀ..

"ਤੁਹਾਨੂੰ ਉਹਨਾਂ ਦਾ ਨਾਂਅ ਕਿਵੇਂ ਪਤਾ? ਇਹਦਾ ਮਤਲਬ ਤੁਸੀਂ ਜਾਣਦੇ ਹੋ ਉਹਨਾਂ ਨੂੰ।"

"ਹਾਂ ਜਾਣਦੀ ਹਾਂ। ਮੈਂ ਫਿਰ ਦੱਸਾਂਗੀ ਪਹਿਲਾਂ ਤੂੰ ਉਹਨੂੰ ਭੇਜ ਦੇ ਇੱਥੋਂ।"

ਕੀਰਤ ਹੇਠਾਂ ਗਈ ਤੇ ਜਾ ਇਕਬਾਲ ਨੂੰ ਬੋਲੀ..

"ਯਾਰ ਤੁਹਾਨੂੰ ਹੋਰ ਕੋਈ ਕੰਮ ਹੈਨੀ। ਕੀ ਐਵੇਂ ਤੜਕੇ ਈ ਨੀਂਦ ਖਰਾਬ ਕਰਨ ਆ ਗਏ।"

"ਹਾਹਾਹਾ.. ਤੁਹਾਡੀ ਭੈਣ ਨੂੰ ਵੇਖਣ ਨਾਲੋਂ ਹੋਰ ਵੱਡਾ ਕਿਹੜਾ ਕੰਮ ਹੋ ਸਕਦਾ ਮੇਰੇ ਲਈ।"

"ਓ ਭਾਈ ਬਸ ਕਰ ਚੰਗਾ। ਬਥੇਰੇ ਵੇਖੇ ਤੇਰੇ ਵਰਗੇ ਆਸ਼ਿਕ। ਐਵੇਂ ਨਾ ਵੱਧਦਾ ਜਾ। ਤੇਰੀ ਇੱਥੇ ਦਾਲ ਨਹੀਂ ਗਲਣ ਵਾਲੀ। ਉਂਝ ਵੀ ਅਗਲੇ ਹਫਤੇ ਵਿਆਹ ਵਾ ਉਸਦਾ।"

ਜਿਉਂ ਹੀ ਇਕਬਾਲ ਨੇ ਸਾਜੀਆ ਦੇ ਵਿਆਹ ਦੀ ਗੱਲ ਸੁਣੀ ਤਾਂ ਚੁੱਪ ਹੋ ਗਿਆ। ਉਸਨੂੰ ਕੁਝ ਨਾ ਸੁੱਝੇ ਕਿ ਉਹ ਕੀ ਬੋਲੇ। ਕੁਝ ਦੇਰ ਪਿੱਛੋਂ ਕੀਰਤ ਨੇ ਉਸਨੂੰ ਹਿਲਾਇਆ ਤੇ ਬੋਲੀ...

"ਓ ਭਾਈ ਕਿਧਰ ਗਵਾਚ ਗਿਆ.. ਓ ਭਾਈ।"

ਇਕਬਾਲ ਨੂੰ ਸੁਰਤ ਆਈ ਤੇ ਉਹ ਬੋਲਿਆ..

"ਮੈਂ ਬਸ ਇੱਕ ਵਾਰ ਸਾਜੀਆ ਨਾਲ ਗੱਲ ਕਰਨੀ ਏ। ਫਿਰ ਚਲਾ ਜਾਂਵਾਂਗਾ।"

"ਅੱਛਾ ਮਿਲਾ ਦੇਂਦੀ ਆ ਚੱਲ। ਮੈਨੂੰ ਬਸ ਇਹ ਦਸ ਕਿ ਤੂੰ ਮੇਰੀ ਭੈਣ ਨੂੰ ਕਦੋਂ ਤੋਂ ਜਾਣਦਾ ਏ?"

"ਉਂਙ ਤਾਂ ਪਰਸੋਂ ਤੋਂ, ਜਦੋਂ ਦਾ ਦੇਖਿਆ ਉਸਨੂੰ। ਪਰ ਲੱਗਦਾ ਏ ਜਿਵੇਂ ਜਨਮਾਂ ਤੋਂ ਜਾਣਦਾ ਹੋਵਾਂ।"

"ਉਹ ਕਿਵੇਂ ਜਾਣਦੀ ਤੇਰਾ ਨਾਂਅ ਫਿਰ?"

"ਹੈਂਅ.. ਮੇਰਾ ਨਾਂਅ ਜਾਣਦੀ ਏ ਸਾਜੀਆ.. ਕਿਵੇਂ?"

ਇਕਬਾਲ ਨੇ ਫਿਰ ਤੋਂ ਨਜ਼ਰ ਭਰ ਦੇਖਿਆ। ਉਹਨੂੰ ਹੈਰਾਨੀ ਸੀ ਕਿ ਸਾਜੀਆ ਉਸਦਾ ਨਾਂਅ ਕਿਵੇਂ ਜਾਣਦੀ ਏ? ਉਹ ਸੋਚਦਾ ਹੋਇਆ ਬੋਲਿਆ..

"ਮੈਂ ਨਹੀਂ ਜਾਣਦਾ ਕਿਵੇਂ ਮੇਰਾ ਨਾਂਅ ਪਤਾ ਉਹਨੂੰ? ਉਹਨੂੰ ਬੁਲਾ ਮੈਂ ਪੁੱਛ ਲੈਂਦਾ ਹਾਂ।"

ਕੀਰਤ ਚੁੱਪ ਹੋ ਗਈ ਤੇ ਸਾਜੀਆ ਕੋਲ ਪਹੁੰਚ ਬੋਲੀ...

"ਦੀਦੀ ਉਹ ਨਹੀਂ ਮੰਨਦਾ ਇੱਥੋਂ ਜਾਣ ਨੂੰ। ਤੁਸੀਂ ਮੈਨੂੰ ਦੱਸੋ ਉਹਨੂੰ ਕਿਵੇਂ ਜਾਣਦੇ ਓ? ਮੈਂ ਉਹਨੂੰ ਵੀ ਪੁੱਛ ਆਈ ਹਾਂ। ਪਰ ਉਹ ਤੁਹਾਨੂੰ ਨਹੀਂ ਜਾਣਦਾ। ਤੁਸੀਂ ਪਰ ਜਾਣਦੇ ਹੋ। ਮੈਨੂੰ ਕੁਝ ਨਹੀਂ ਸਮਝ ਆ ਰਿਹਾ। ਹੁਣ ਤਾਂ ਉਹ ਹੋਰ ਜ਼ਿੱਦ ਕਰੀ ਬੈਠਾ ਕਿ, ਪੁੱਛਕੇ ਹੀ ਜਾਵਾਂਗਾ ਕਿ ਤੁਸੀਂ ਕਿਵੇਂ ਜਾਣਦੇ ਉਹਨੂੰ।"

"ਜਾਹ ਉਹਨੂੰ ਆਖਦੇ ਫਿਰ ਕਿ ਕੱਲ੍ਹ ਤੜਕੇ ਦਰਬਾਰ ਸਾਹਿਬ ਮਿਲਾਂਗੇ ਆਪਾਂ। ਆ ਜਾਵੇ ਉਹ ਵੀ।"

"ਸੋਚ ਲਵੋ। ਵਿਆਹ ਏ ਤੁਹਾਡਾ, ਗੱਲ ਵਧ ਨਾ ਜਾਵੇ।"

"ਦੇਖੀ ਜਾਵੂ ਜੋ ਹੋਵੂ। ਤੂੰ ਆਖ ਦੇ ਉਹਨੂੰ।"

ਕੀਰਤ ਹੇਠਾਂ ਗਈ ਤੇ ਜਾ ਇਕਬਾਲ ਨੂੰ ਸਾਜੀਆ ਦਾ ਸੁਨੇਹਾ ਦਿੱਤਾ। ਕੀਰਤ ਨੇ ਮਿਲਣ ਦੀ ਥਾਂ ਦੱਸ ਦਿੱਤੀ। ਇਕਬਾਲ ਦੇ ਪੈਰ ਜਿਵੇਂ ਧਰਤੀ ਉੱਤੇ ਲੱਗ ਹੀ ਨਾ ਰਹੇ ਹੋਣ। ਉਹਦਾ ਚਾਅ ਥੰਮਿਆ ਨਹੀਂ ਸੀ ਜਾ ਰਿਹਾ। ਉਹ ਕਾਹਲੀ ਨਾਲ ਘਰ ਗਿਆ ਤੇ ਜਾਂਦੇ ਹੀ ਸੌਂ

ਗਿਆ। ਉਹਦਾ ਵਿਚਾਰ ਸੀ ਕਿ ਸੌਣ ਨਾਲ ਵਕਤ ਜਲਦੀ ਬੀਤ ਜਾਵੇਗਾ ਤੇ ਇੰਤਜ਼ਾਰ ਵਾਲਾ ਦਰਦ ਘੱਟ ਹੋਵੇਗਾ। ਪਰ ਬੜੀ ਹੀ ਜ਼ੱਦੋ ਜ਼ਹਿਤ ਪਿੱਛੋਂ ਉਹਨੂੰ ਨੀਂਦ ਆਈ। ਸ਼ਾਮੀ ਉੱਠਿਆ ਤੇ ਰੋਟੀ ਖਾ ਫਿਰ ਸੌਂ ਗਿਆ।

ਰਾਤ ਤਿੰਨ ਵਜੇ ਹੀ ਉਸਦੀ ਅੱਖ ਖੁੱਲ੍ਹ ਗਈ। ਉਹ ਬਿਸਤਰ ਤੋਂ ਉੱਠਿਆ ਤੇ ਨਹਾ ਧੋ ਤਿਆਰ ਹੋ ਦਰਬਾਰ ਸਾਹਿਬ ਨੂੰ ਚੱਲ ਪਿਆ। ਚਾਰ ਵਜੇ ਦੇ ਕਰੀਬ ਉਹ ਪਾਰਕਿੰਗ ਵਿਚ ਜਾ ਪਹੁੰਚਿਆ ਤੇ ਮੋਟਰਸਾਇਕਲ ਲਾ ਪੈਦਲ ਗੁਰੂ ਘਰ ਨੂੰ ਤੁਰ ਪਿਆ। ਮਿਲਣ ਦੀ ਥਾਂ ਦਰਬਾਰ ਸਾਹਿਬ ਦੀ ਪ੍ਰਕਰਮਾ 'ਤੇ ਲੱਗੇ ਬੇਰ ਬਾਬਾ ਬੁੱਢਾ ਸਾਹਿਬ ਕੋਲ ਤੈਅ ਹੋਈ ਸੀ। ਮਿਲਣ ਦਾ ਵਕਤ ਛੇ ਵਜੇ ਸੀ। ਪਰ ਇਕਬਾਲ ਵੇਲੇ ਨਾਲ ਹੀ ਆ ਅੱਪੜਿਆ ਤੇ ਪ੍ਰਕਰਮਾ ਅੰਦਰ ਦਾਖਲ ਹੁੰਦੇ ਹੀ ਹਰਿ ਮੰਦਰ ਸਾਹਿਬ ਦੇ ਦਰਸ਼ਨ ਕਰ ਬੇਰ ਬਾਬਾ ਬੁੱਢਾ ਸਾਹਿਬ ਕੋਲ ਜਾ ਚੌਂਕੜੀ ਮਾਰ ਬੈਠ ਗਿਆ। ਗੁਰੂ ਘਰ ਬੈਠ ਉਹ ਸਕੂਨ ਤਾਂ ਮਾਣ ਰਿਹਾ ਸੀ ਪਰ ਉਸਦੇ ਮਨ ਅੰਦਰ ਖਿੱਚ ਸਾਜੀਆ ਦੇ ਆਉਣ ਦੀ ਸੀ। ਉਹ ਵਾਰ ਵਾਰ ਘੜੀ ਨੂੰ ਦੇਖਦਾ। ਅਜੇ ਪੂਰੇ ਛੇ ਨਹੀਂ ਸਨ ਵੱਜੇ ਕਿ ਉਸਨੂੰ ਸਾਜੀਆ ਦੇ ਆਉਣ ਦੀ ਜਿਵੇਂ ਖਬਰ ਹੋ ਗਈ ਹੋਵੇ। ਸਾਜੀਆ ਨੇ ਜਿਵੇਂ ਗੁਰੂ ਘਰ ਪੈਰ ਪਾ ਲਏ ਹੋਣ। ਬੇਸ਼ੱਕ ਉਹ ਗੁਰੂ ਘਰ ਹੀ ਸੀ। ਪਰ ਉਸਦੇ ਲਈ ਸ਼ਾਇਦ ਉਸਦੇ ਰੱਬ ਨੇ ਹੁਣ ਪੈਰ ਪਾਏ ਹੋਣ। ਉਸਨੇ ਅੱਖਾਂ ਦਰਸ਼ਨੀ ਡਿਉੜੀ ਵੱਲ ਕਰੀਆਂ ਤਾਂ ਸਾਹਮਣੇ ਪੀਲੇ ਰੰਗ ਦਾ ਸੂਟ ਤੇ ਸਿਰ ਉੱਤੇ ਚੁੰਨੀ ਲਏ ਸਾਜੀਆ ਤੁਰਦੀ ਆ ਰਹੀ ਸੀ। ਫਿਰ ਤੋਂ ਇਕ ਦਮ ਸਭ ਰੁਕ ਗਿਆ ਜਾਪ ਰਿਹਾ ਸੀ। ਉਸਦੀਆਂ ਅੱਖਾਂ ਸਾਹਮਣੇ ਧੁੰਦਲੀ ਪਈ ਤਸਵੀਰ ਸਾਫ ਹੁੰਦੀ ਜਾ ਰਹੀ ਸੀ। ਉਹਦੇ ਲਈ ਜਿਵੇਂ ਪੂਰੀ ਕਾਇਨਾਤ ਰੁਕ ਗਈ ਹੋਵੇ। ਸਾਜੀਆ ਉਸ ਵੱਲ ਵੱਧਦੀ ਜਾ ਰਹੀ ਸੀ। ਉਹ ਉਸਦੇ ਕੋਲ ਆ ਖੜ ਗਈ। ਇਕਬਾਲ ਇਕਦਮ ਉੱਠਿਆ ਤੇ ਹੱਥ ਜੋੜ ਖੜ ਗਿਆ। ਉਸਨੂੰ ਹੱਥ ਜੋੜੇ ਖੜਦੇ ਦੇਖ ਸਾਜੀਆ ਬੋਲੀ...

"ਇੰਝ ਹੱਥ ਕਿਉਂ ਜੋੜ ਰਹੇ ਓ?"

"ਮੈਂ ਨਹੀਂ ਜਾਣਦਾ। ਬਸ ਤੁਹਾਨੂੰ ਦੇਖ ਆਪਣੇ ਆਪ ਹੀ ਹੱਥ ਜੋੜ ਸਜਦਾ ਕਰਨ ਨੂੰ ਜੀਅ ਕਰ ਪੈਂਦਾ ਏ।"

"ਨਹੀਂ ਨਹੀਂ ਤੁਸੀਂ ਇੰਝ ਨਾ ਕਰੋ। ਮੈਨੂੰ ਚੰਗਾ ਨਹੀਂ ਲੱਗਦਾ। ਮੈਂ ਵੀ ਤੁਹਾਡੇ ਵਾਂਗ ਇਨਸਾਨ ਹਾਂ।"

"ਠੀਕ ਆ ਮੈਂ ਕੋਸ਼ਿਸ਼ ਕਰਾਂਗਾ।"

"ਤੁਸੀਂ ਦਰਸ਼ਨ ਕਰ ਲਏ ਕਿ ਨਹੀਂ ਅਜੇ?"

"ਮੇਰੇ ਤਾਂ ਹੋ ਗਏ।"

ਇਕਬਾਲ ਨੇ ਸਾਜੀਆ ਨੂੰ ਨਜ਼ਰ ਭਰ ਤੱਕਦੇ ਕਿਹਾ ਤਾਂ ਸਾਜੀਆ ਬੋਲੀ..

"ਪਲੀਜ਼ ਇੰਝ ਨਾ ਕਰੋ। ਹੱਥ ਜੋੜਦੀ ਹਾਂ।"

"ਮੈਂ ਕੁਝ ਨਹੀਂ ਕਰ ਰਿਹਾ ਸਭ ਆਪਣੇ ਆਪ ਹੋ ਰਿਹਾ ਏ।"

"ਤੁਸੀਂ ਦੱਸੋ ਕੀ ਗੱਲ ਕਰਨੀ ਏ ਮੇਰੇ ਨਾਲ?"

"ਮੈਂ ਨਹੀਂ ਜਾਣਦਾ। ਬਸ ਮੇਰਾ ਦਿਲ ਕਰਦਾ ਤੁਹਾਡੀ ਆਵਾਜ਼ ਸੁਣਾ ਤੇ ਤੁਹਾਡੇ ਨਾਲ ਗੱਲਾਂ ਕਰਾਂ।"

ਸਾਜੀਆ ਨੇ ਏਧਰ ਓਧਰ ਦੇਖਿਆ ਤੇ ਬੋਲੀ..

"ਆਪਾਂ ਇਕ ਪਾਸੇ ਹੋ ਜਾਈਏ। ਰਸਤੇ ਵਿਚ ਖੜੇ ਆ। ਲੋਕਾਂ ਨੂੰ ਲੰਘਣ 'ਚ ਪ੍ਰਸ਼ਾਨੀ ਹੋਵੇਗੀ।"

"ਹਾਂਜੀ ਚਲੋ।"

ਉਹ ਦੋਵੇਂ ਅੱਗੇ ਨੂੰ ਵਧੇ ਤੇ ਇੱਕ ਪਾਸੇ ਹੋ ਪਿੱਛੇ ਹਟ ਬੈਠ ਗਏ। ਸਾਜੀਆ ਬੋਲੀ..

"ਮੈਂ ਤੁਹਾਨੂੰ ਕਿਸੇ ਗਲਤ ਫਹਿਮੀ ਦਾ ਸ਼ਿਕਾਰ ਨਹੀਂ ਹੋਣ ਦੇਣਾ ਚਾਹੁੰਦੀ। ਤੁਸੀਂ ਪਲੀਜ਼ ਮੇਰੇ ਘਰ ਅੱਗੇ ਗੇੜੇ ਲਾਉਣੇ ਬੰਦ ਕਰਦੋ। ਇੰਝ ਚੰਗਾ ਨਹੀਂ ਲੱਗਦਾ। ਕਿਸੇ ਨੇ ਦੇਖ ਲਿਆ ਤਾਂ ਮੇਰੀ ਬਹੁਤ ਬਦਨਾਮੀ ਹੋਵੇਗੀ।"

"ਮੁਆਫ ਕਰਨਾ ਅਗਰ ਆਪਨੂੰ ਮੇਰੀਆਂ ਹਰਕਤਾਂ ਕਾਰਨ ਤਕਲੀਫ ਹੋ ਰਹੀ ਏ ਤਾਂ। ਪਰ ਮੇਰਾ ਏਦਾਂ ਦਾ ਕੋਈ ਇਰਾਦਾ ਨਹੀਂ ਸੀ ਕਿ ਤੁਹਾਨੂੰ ਪ੍ਰੇਸ਼ਾਨ ਕਰਾਂ। ਮੈਂ ਤਾਂ ਬਸ ਤੁਹਾਡੇ ਦਿਦਾਰ ਕਰਨ ਲਈ ਆ ਜਾਂਦਾ ਹਾਂ।"

"ਪਰ ਕਿਉਂ?"

"ਮੈਂ ਨਹੀਂ ਜਾਣਦਾ। ਇਹ ਮੈਨੂੰ ਵੀ ਹੈਰਾਨ ਕਰ ਰਿਹਾ ਏ। ਮੈਂ ਏਵੇਂ ਦਾ ਬਿਲਕੁਲ ਵੀ ਨਹੀਂ ਹਾਂ। ਮੈਂ ਤਾਂ ਮੌਜ ਮਸਤੀ ਵਾਲਾ ਬੰਦਾ ਹਾਂ। ਪਰ ਜਿਸ ਦਿਨ ਦਾ ਤੁਹਾਨੂੰ ਵੇਖਿਆ ਮੈਂ, ਮੈਂ ਰਿਹਾ ਹੀ ਨਹੀਂ ਆ।"

"ਪਲੀਜ਼ ਇੰਝ ਨਾ ਕਰੋ, ਅਗਲੇ ਹਫਤੇ ਮੇਰਾ ਵਿਆਹ ਏ। ਮੇਰੇ ਲਈ ਬਹੁਤ ਮੁਸ਼ਕਿਲ ਹੋ ਜਾਵੇਗੀ।"

"ਤੁਸੀਂ ਬੇ-ਫਿਕਰ ਰਹੋ। ਮੈਂ ਤੁਹਾਨੂੰ ਕੋਈ ਤਕਲੀਫ ਨਹੀਂ ਦੇਣਾ ਚਾਹੁੰਦਾ। ਮੈਂ ਦੱਸਿਆ ਤਾਂ ਹੈ ਮੈਨੂੰ ਖੁਦ ਦੀ ਸਮਝ ਨਹੀਂ ਆ ਰਹੀ ਮੈਂ ਇੰਝ ਕਰ ਕਿਉਂ ਰਿਹਾ ਹਾਂ। ਮੈਂ ਤਾਂ ਇਹ ਵੀ ਨਹੀਂ ਜਾਣਦਾ ਕਿ ਮੈਨੂੰ ਤੁਹਾਡਾ ਚਿਹਰਾ ਹਰ ਵਕਤ ਨਜ਼ਰ ਕਿਉਂ ਆ ਰਿਹਾ ਏ। ਹਰ ਵੇਲੇ ਮੇਰੇ ਮਨ ਦੁਆਲੇ ਬਸ ਤੁਹਾਡਾ ਚਿਹਰਾ ਘੁੰਮੀ ਜਾ ਰਿਹਾ। ਕਦੇ ਵਕਤ ਰੁਕ ਗਿਆ ਜਾਪਦਾ ਏ। ਕਦੇ ਵਕਤ ਤੇਜ਼ ਭੱਜਦਾ ਜਾਪਦਾ ਏ। ਕਦੇ ਲੱਗਦਾ ਮੇਰੇ ਸਾਹ ਨਹੀਂ ਚੱਲ ਰਹੇ। ਕਦੇ ਲੱਗਦਾ ਮੈਂ ਭਰਪੂਰ ਜੀਅ ਰਿਹਾ ਹਾਂ। ਮੈਂ ਰਾਤ ਤਾਰਿਆਂ ਨਾਲ ਗੱਲੀਂ ਲੱਗ ਗਿਆ ਹਾਂ। ਮੈਨੂੰ ਹਰ ਬੰਦੇ 'ਚ ਤੁਸੀਂ ਨਜ਼ਰ ਆ ਰਹੇ ਓ। ਪਤਾ ਨਹੀਂ ਮੇਰੇ ਨਾਲ ਹੋ ਕੀ ਰਿਹਾ ਏ। ਮੈਨੂੰ...."

"ਤੁਹਾਨੂੰ ਮੇਰੇ ਨਾਲ ਇਸ਼ਕ ਏ?"

"ਇਸ਼ਕ...... ਹਾਹਾਹਾਹਾ.. ਨਹੀਂ ਨਹੀਂ। ਇਸ਼ਕ ਤਾਂ ਨਹੀਂ। ਹਾਂ, ਹੋ ਵੀ ਸਕਦਾ। ਮੁਆਫ ਕਰਨਾ ਮੈਂ ਨਹੀਂ ਜਾਣਦਾ।"

"ਪਲੀਜ਼ ਤੁਸੀਂ ਆਹ ਸਭ ਰੋਕੋ।"

"ਤੁਸੀਂ ਦੱਸੋ ਕਿਵੇਂ ਰੁਕ ਸਕਦਾ ਆਹ। ਮੈਨੂੰ ਤਾਂ ਨਹੀਂ ਪਤਾ।"

"ਮੈਂ ਵੀ ਨਹੀਂ ਜਾਣਦੀ। ਜਿਵੇਂ ਵੀ ਰੋਕ ਸਕਦੇ ਰੋਕ ਲਵੋ ਬਸ। ਇਸਤੋਂ ਪਹਿਲਾਂ ਕਿ ਸਭ ਵੱਸ ਤੋਂ ਬਾਹਰ ਹੋ ਜਾਵੇ।"

"ਹਾਹਾਹਾ.. ਮੇਰੇ ਲਈ ਤਾਂ ਪਹਿਲਾਂ ਹੀ ਸਭ ਵੱਸ 'ਚੋਂ ਬਾਹਰ ਹੋਇਆ ਪਿਆ ਏ।"

"ਤੁਸੀਂ ਸਮਝ ਨਹੀਂ ਰਹੇ, ਮੇਰਾ ਵਿਆਹ ਹੈ ਅਗਲੇ ਹਫਤੇ।"

"ਮੈਂ ਤਾਂ ਕੋਈ ਅੜਚਨ ਨਹੀਂ ਪਾ ਰਿਹਾ ਆਪਦੇ ਵਿਆਹ ਵਿਚ। ਇਸਦਾ ਇਲਜ਼ਾਮ ਮੇਰੇ 'ਤੇ ਨਾ ਥੋਪਿਓ। ਮੈਨੂੰ ਤਾਂ ਮੇਰਾ ਖੁਦ ਦਾ ਪਤਾ ਨਹੀਂ।"

"ਮੈਂ ਕਿਆ ਰੁਕ ਜਾਵੋ ਨਹੀਂ ਤਾਂ ਅੰਜ਼ਾਮ ਚੰਗਾ ਨਹੀਂ ਹੋਵੇਗਾ।"

"ਹਾਹਾਹਹਾਹਹਾਹਾਹਹਾਹਾ.."

"ਹੱਸੋ ਨਾ ਮੈਂ ਸੱਚ ਆਖ ਰਹੀ ਆ।"

"ਅੱਛਾ ਕੀ ਅੰਜ਼ਾਮ ਹੋਵੇਗਾ?"

"ਤੁਹਾਡੀ ਮੌਤ ਹੁੰਦੀ ਦੇਖੀ ਆ ਮੈਂ।"

"ਹੈਂਅ... ਮੇਰੀ ਮੌਤ? ਅੱਛਾ ਕਿਵੇਂ?"

"ਸੁਪਨੇ ਵਿਚ।"

"ਹਾਹਾਹਾਹਾਹਾਹਹ.... ਹਾਹਾਹਾਹਾਹਾਹ...ਹਾਹਾਹਹਾਹਾਹਾ। ਅੱਛਾ ਤਦੇ ਤੁਹਾਡੀ ਭੈਣ ਕਹਿ ਰਹੀ ਸੀ ਕਿ ਸਾਜੀਆ ਜਾਣਦੀ ਹੈ ਮੈਨੂੰ। ਤੁਸੀਂ ਸੁਪਨੇ 'ਚ ਮਿਲੇ ਸੀ ਮੈਨੂੰ?"

"ਹਾਂ ਸੱਚੀ ਗੱਲ ਏ।"

"ਹਾਹਾਹਹਾਹਾਹਹਾਹਾ.. ਕਿਉਂ ਮੈਨੂੰ ਹਸਾ ਹਸਾ ਮਾਰਨਾ ਜੇ?"

"ੳ ਮੇਰੇ ਸਾਹਮਣੇ ਸ੍ਰੀ ਦਰਬਾਰ ਸਾਹਿਬ ਏ ਤੇ ਮੈਂ ਉਸ ਪਾਵਨ ਥਾਂ 'ਤੇ ਖੜੀ ਹਾਂ ਜਿੱਥੇ ਹਰ ਕੋਈ ਆ ਸੱਚ ਬੋਲਦਾ ਏ। ਜਿੱਥੋਂ ਦੀ ਕੋਈ ਝੂਠੀ ਸੋਂਹ ਨਹੀਂ ਖਾ ਸਕਦਾ। ਮੈਂ ਉਧਰ ਆਪਣਾ ਮੂੰਹ ਕਰ ਆਖਦੀ ਹਾਂ ਕਿ ਜੇ ਮੈਂ ਇਕ ਵੀ ਲਫ਼ਜ਼ ਝੂਠ ਬੋਲਾਂ ਤਾਂ ਮੈਨੂੰ ਹੁਣੇ ਮੌਤ ਆਜੇ।"

"ਠੀਕ ਆ ਮੈਂ ਮੰਨ ਲੈਂਦਾ। ਹੁਣ ਨਹੀਂ ਹੱਸਦਾ। ਤੁਸੀਂ ਪੂਰੀ ਗੱਲ ਦੱਸੋ ਕੀ ਹੈ?"

ਜਿਉਂ ਹੀ ਸਾਜੀਆ ਨੇ ਸੋਂਹ ਖਾਧੀ ਤਾਂ ਇਕਬਾਲ ਨੂੰ ਯਕੀਨ ਹੋ ਗਿਆ ਕਿ ਉਹ ਮਜਾਕ ਨਹੀਂ ਕਰ ਰਹੀ। ਉਹਨੇ ਸਾਜੀਆ ਨੂੰ ਪੂਰੀ ਗੱਲ ਸੱਚ ਦੱਸਣ ਲਈ ਕਿਹਾ। ਸਾਜੀਆ ਕੁਝ ਚਿਰ ਸ਼ਾਂਤ ਹੋਈ ਤੇ ਫਿਰ ਬੜੇ ਹੀ ਸਹਿਜ ਨਾਲ ਬੋਲਣ ਲੱਗੀ....

"ਜਿਸ ਦਿਨ ਤੁਸੀਂ ਪਹਿਲੇ ਦਿਨ ਮੈਨੂੰ ਦੇਖਿਆ। ਉਸ ਤੋਂ ਪਿਛਲੀ ਰਾਤ ਮੈਨੂੰ ਚਾਰ ਵਜੇ ਹੀ ਜਾਗ ਆ ਗਈ। ਮੈਂ ਫਿਰ ਸਾਉਣਾ ਚਾਹਿਆ ਪਰ ਨੀਂਦ ਨਾ ਆਈ। ਮੈਂ ਉੱਠ ਨਹਾ ਧੋ ਜਪੁ ਜੀ ਸਾਹਿਬ ਦਾ ਪਾਠ ਕਰ ਫਿਰ ਤੋਂ ਲੰਮੇ ਪਈ ਤਾਂ ਮੈਨੂੰ ਨੀਂਦ ਆ ਗਈ। ਪਲਾਂ ਵਿਚ ਹੀ ਮੈਂ ਪਤਾ ਨਹੀਂ ਕਿਸ ਦੁਨੀਆਂ ਵਿਚ ਗਵਾਚ ਗਈ। ਮੈਂ ਇੱਕ ਵਾਰਾਂ ਤੁਹਾਡਾ ਚਿਹਰਾ ਵੇਖਿਆ, ਤੁਹਾਨੂੰ ਕਿਸੇ ਇਕਬਾਲ ਕਹਿ ਆਵਾਜ਼ ਲਗਾਈ ਤੇ ਪਤਾ ਨਹੀਂ ਸੁਪਨੇ ਨੇ ਕਿਹੋ

ਜਿਹਾ ਮੋੜ ਲਿਆ ਮੈਂ ਇੱਕ ਕਬਰ 'ਤੇ ਰੋ ਰਹੀ ਸੀ। ਮੈਨੂੰ ਲੱਗਿਆ ਸ਼ਾਇਦ ਉਹ ਤੁਹਾਡੀ ਹੀ ਕਬਰ ਏ।"

"ਸੱਚ ਕਹਿ ਰਹੇ ਓ?"

ਇਕਬਾਲ ਨੂੰ ਪਤਾ ਨਹੀਂ ਕੀ ਹੋਇਆ ਤੇ ਉਸਨੇ ਬੜੇ ਹੀ ਚਾਅ ਨਾਲ ਪੁੱਛਿਆ। ਸਾਜੀਆ ਉਸਦੇ ਚਾਅ 'ਤੇ ਹੈਰਾਨ ਸੀ। ਉਸਨੇ ਕਿਹਾ..

"ਹਾਂ ਸੱਚ ਹੈ। ਪਰ ਤੁਸੀਂ ਏਨਾਂ ਖੁਸ਼ ਕਿਉਂ ਹੋ ਰਹੇ ਓ?"

"ਓ ਯਾਰ ਆਹ ਚਾਅ ਵਾਲੀ ਗੱਲ ਹੀ ਤਾਂ ਹੈ। ਜਿਸਨੂੰ ਦੇਖਦੇ ਮੇਰੇ ਹੱਥ ਆਪਣੇ ਆਪ ਸਲਾਮ ਕਰਨ ਲਈ ਜੁੜ ਜਾਣ। ਮੇਰਾ ਸਿਰ ਆਪਣੇ ਆਪ ਸਜਦਾ ਕਰਨ ਲਈ ਝੁਕ ਜਾਵੇ। ਜੋ ਆਦਰ ਰੱਬ ਨੂੰ ਨਹੀਂ ਮੇਰੇ ਤੋਂ ਦਿੱਤਾ ਜਾਂਦਾ ਉਹ ਤੁਹਾਨੂੰ ਮਿਲੇ। ਜਿਵੇਂ ਤੁਸੀਂ ਹੀ ਮੇਰੇ ਲਈ ਮੇਰੇ ਪੀਰ, ਮੇਰੇ ਮੁਰਸ਼ਦ ਹੋਵੋ। ਮੇਰੇ ਲਈ ਭਲਾ ਇਸਤੋਂ ਵੱਡੀ ਕੀ ਗੱਲ ਹੋ ਸਕਦੀ ਹੈ ਕਿ ਤੁਸੀਂ ਮੇਰੀ ਮੌਤ ਪਿੱਛੋਂ ਮੇਰੀ ਕਬਰ 'ਤੇ ਦੋ ਹੰਝੂ ਕੇਰ ਜਾਵੋ। ਸ਼ਾਇਦ ਤੁਹਾਡੇ ਕਿਰੇ ਹੰਝੂਆਂ ਨਾਲ ਮੇਰੀ ਕਬਰ ਤੇ ਹਰਿਆਲੀ ਛਾ ਜਾਵੇ। ਇਸਤੋਂ ਵੱਧ ਮੇਰੇ ਲਈ ਕੁਝ ਨਹੀਂ ਏ।"

"ਪਲੀਜ਼ ਤੁਸੀਂ ਏਵੇਂ ਨਾ ਆਖੋ। ਇਹ ਠੀਕ ਨਹੀਂ ਏ। ਮੈਂ ਕਿਸੇ ਹੋਰ ਨੂੰ ਪਿਆਰ ਕਰਦੀ ਹਾਂ। ਮਸਾਂ ਮੇਰੇ ਘਰਦੇ ਮੇਰੇ ਵਿਆਹ ਲਈ ਮੰਨੇ ਨੇ। ਮੈਂ ਬੜੇ ਤਰਲੇ ਮਿੰਨਤਾਂ ਨਾਲ ਉਸਨੂੰ ਮਨਾਇਆ ਏ। ਮੈਂ ਨੌਂ ਸਾਲ ਤੋਂ ਉਸਨੂੰ ਪਿਆਰ ਕਰਦੀ ਹਾਂ। ਹੁਣ ਜਾ ਮੇਰੀ ਰੱਬ ਨੇ ਸੁਣੀ ਏ। ਮੈਂ ਬਹੁਤ ਪਿਆਰ ਕਰਦੀ ਹਾਂ ਉਸਨੂੰ। ਤੁਸੀਂ ਪਲੀਜ਼ ਮੈਨੂੰ ਮੇਰੀਆਂ ਖੁਸ਼ੀਆਂ ਜੀਅ ਲੈਣਦੋ।"

"ਮੇਰੇ ਖੁਦਾਇਆ ਤੁਸੀਂ ਨਾ ਫਿਕਰ ਕਰੋ। ਮੈਂ ਤੁਹਾਡੀ ਜ਼ਿੰਦਗੀ 'ਚ ਕੋਈ ਮੁਸ਼ਕਿਲ ਪੈਦਾ ਨਹੀਂ ਕਰਦਾ। ਤੁਹਾਨੂੰ ਤੁਹਾਡੀ ਮੁਹੱਬਤ ਮੁਬਾਰਕ। ਅੱਲ੍ਹਾ ਤੁਹਾਨੂੰ ਹਰ ਖੁਸ਼ੀ ਦੇਵੇ।"

"ਤੁਸੀਂ ਪਲੀਜ਼ ਮੇਰੇ ਨਾਲ ਨਾ ਕੋਈ ਤਾਰ ਜੋੜਨਾ। ਮੈਂ ਚਾਹੁੰਦੀ ਨਹੀਂ ਤੁਹਾਨੂੰ ਮੌਤ ਆਵੇ ਤੇ ਮੈਂ ਤੁਹਾਡੀ ਮੌਤ 'ਤੇ ਰੋਵਾਂ।"

"ਹਾਹਾਹਾਹਾ.. ਤੁਸੀਂ ਲੱਗਦਾ ਜਾਣਦੇ ਨਹੀਂ ਜਵਾਨੀ ਵਿਚ ਤਾਂ ਕਰਮਾਂ ਵਾਲੇ ਮਰਦੇ ਨੇ। ਤੁਸੀਂ ਸ਼ਿਵ ਦੀ ਕਵਿਤਾ ਨਹੀਂ ਸੁਣੀ ਲੱਗਦਾ...

"ਅਸਾਂ ਤਾਂ ਜੋਬਨ ਰੁੱਤੇ ਮਰਨਾ
ਮੁੜ ਜਾਣਾ ਅਸਾਂ ਭਰੇ ਭਰਾਏ
ਹਿਜਰ ਤੇਰੇ ਦੀ ਕਰ ਪਰਕਰਮਾ
ਅਸਾਂ ਤਾਂ ਜੋਬਨ ਰੁੱਤੇ ਮਰਨਾ

ਜੋਬਨ ਰੁੱਤੇ ਜੋ ਵੀ ਮਰਦਾ
ਫੁੱਲ ਬਣੇ ਜਾਂ ਤਾਰਾ
ਜੋਬਨ ਰੁੱਤੇ ਆਸ਼ਿਕ ਮਰਦੇ
ਜਾਂ ਕੋਈ ਕਰਮਾਂ ਵਾਲਾ

ਜਾਂ ਉਹ ਮਰਨ, ਕਿ ਜਿਨ੍ਹਾਂ ਲਿਖਾਏ
ਹਿਜਰ ਧੁਰੋਂ ਵਿਚ ਕਰਮਾਂ
ਹਿਜਰ ਤੁਹਾਡਾ ਅਸਾਂ ਮੁਬਾਰਕ
ਨਾਲ ਬਹਿਸ਼ਤੀਂ ਖੜਨਾ
ਅਸਾਂ ਤਾਂ ਜੋਬਨ ਰੁੱਤੇ ਮਰਨਾ

ਸੱਜਣ ਜੀ,
ਭਲਾ ਕਿਸ ਲਈ ਜਾਣਾ
ਸਾਡੇ ਜਿਹਾ ਨਿਰਕਰਮਾਂ
ਸੂਤਕ ਰੁੱਤ ਤੋਂ, ਜੋਬਨ ਰੁੱਤ ਤਕ
ਜਿਨ੍ਹਾਂ ਹੰਢਾਈਆਂ ਸ਼ਰਮਾਂ

ਨਿੱਤ ਲੱਜਿਆ ਦਿਆਂ ਜੰਮਣ-ਪੀੜਾਂ
ਅਣਚਾਹਿਆਂ ਵੀ ਜਰਨਾ
ਨਿੱਤ ਕਿਸੇ ਦੇਹ ਵਿਚ

ਫੁੱਲ ਬਣ ਕੇ ਖਿੜਨਾ
ਨਿੱਤ ਤਾਰਾ ਬਣ ਚੜ੍ਹਨਾ
ਅਸਾਂ ਤਾਂ ਜੋਬਨ ਰੁੱਤੇ ਮਰਨਾ

ਸੱਜਣ ਜੀ,
ਪਏ ਸਭ ਜਗ ਤਾਈਂ
ਗਰਭ ਜੂਨ ਵਿਚ ਮਰਨਾ
ਜੰਮਣੋਂ ਪਹਿਲਾਂ ਔਧ ਹੰਢਾਈਏ
ਫੇਰ ਹੰਢਾਈਏ ਸ਼ਰਮਾਂ

ਮਰ ਕੇ ਕਰੀਏ, ਇਕ ਦੂਜੇ ਦੀ
ਮਿੱਟੀ ਦੀ ਪਰਕਰਮਾ
ਪਰ ਜੇ ਮਿੱਟੀ ਵੀ ਮਰ ਜਾਏ
ਤਾਂ ਜਿਉ ਕੇ ਕੀ ਕਰਨਾ?
ਅਸਾਂ ਤਾਂ ਜੋਬਨ ਰੁੱਤੇ ਮਰਨਾ।"

ਇਕਬਾਲ ਦੇ ਮੂੰਹੋਂ ਸ਼ਿਵ ਦੀ ਕਵਿਤਾ ਸੁਣ ਸਾਜੀਆ ਚੁੱਪ ਹੋ ਗਈ ਤੇ ਕੁਝ ਨਾ ਬੋਲੀ। ਕੁਝ ਦੇਰ ਦੋਵੇਂ ਚੁੱਪ ਰਹੇ। ਫਿਰ ਇਕਬਾਲ ਬੋਲਿਆ...

"ਸਾਜੀਆ ਤੁਹਾਡਾ ਚਿਹਰਾ ਜੰਨਤ ਏ। ਤੁਹਾਨੂੰ ਦੇਖ ਮੈਂ, ਮੈਂ ਨਹੀਂ ਰਿਹਾ। ਮੇਰੇ ਅੰਦਰ ਤੁਹਾਨੂੰ ਹਾਸਲ ਕਰਨ ਦੀ ਕੋਈ ਲਾਲਸਾ ਨਹੀਂ ਏ। ਤੁਸੀਂ ਸ਼ਾਂਤ ਰਹੋ। ਤੁਸੀਂ ਜਿਸਨੂੰ ਵੀ ਮੁਹੱਬਤ ਕਰਨੀ ਏ ਕਰੋ। ਮੈਂ ਬੰਦਿਸ਼ ਨਹੀਂ ਬਣਾਗਾਂ। ਹਾਂ ਪਰ ਤੁਸੀਂ ਉਹ ਪ੍ਰਕਾਸ਼ ਓ, ਜਿਸਦੇ ਚਾਨਣ 'ਚ ਆ ਮੈਂ ਭਰ ਗਿਆ ਹਾਂ। ਤੇ ਹੁਣ ਮੈਨੂੰ ਕੋਈ ਖਾਲੀ ਨਹੀਂ ਕਰ ਸਕਦਾ। ਸ਼ਾਇਦ ਤੁਸੀਂ ਵੀ ਖਾਲੀ ਨਹੀਂ ਕਰ ਸਕਦੇ। ਤੇ ਜਿੱਥੋਂ ਤੱਕ ਮੈਂ ਦੇਖ ਰਿਹਾ ਹਾਂ ਤੁਸੀਂ ਚਾਹੁੰਦੇ ਹੀ ਨਹੀਂ ਹੋ ਕਿ ਮੈਂ ਤੁਹਾਡੇ ਪ੍ਰਕਾਸ਼ ਤੋਂ ਖਾਲੀ ਹੋਵਾਂ।"

"ਇਕਬਾਲ ਨਾ ਕਰੋ ਇੰਝ। ਇਹ ਨਾ ਹੋਵੇ ਤੁਹਾਡੇ ਤੋਂ ਪਹਿਲਾਂ ਮੈਂ ਮੌਤ ਦੀ ਸੂਲੀ ਚੜ੍ਹਜਾ।"

"ਜਿਵੇਂ ਖੁਦਾ ਦੀ ਮਰਜੀ। ਮੇਰੇ ਜਾਂ ਤੁਹਾਡੇ ਚਾਉਣ ਨਾ ਚਾਉਣ ਨਾਲ ਕੁਝ ਬਦਲਣ ਵਾਲਾ ਨਹੀਂ ਏ। ਮੈਨੂੰ ਲੱਗਦਾ ਤੁਹਾਨੂੰ ਦਰਸ਼ਨ ਕਰਨੇ ਚਾਹੀਦੇ ਨੇ ਤੇ ਮੈਨੂੰ ਜਾਣਾ ਚਾਹੀਦਾ।"

"ਤੁਸੀਂ ਨਹੀਂ ਕਰਨੇ ਦਰਸ਼ਨ।"

"ਲੱਗਦਾ ਤੁਸੀਂ ਧਿਆਨ ਨਹੀਂ ਦਿੱਤਾ। ਮੈਂ ਕਿਹਾ ਸੀ, ਮੇਰੇ ਤਾਂ ਹੋ ਗਏ। ਹੋਰ ਕਿਤੇ ਕਰਨ ਦੀ ਲੋੜ ਨਹੀਂ।"

ਸਾਜੀਆ ਉਸਦੇ ਨੂਰ ਭਰੇ ਚਿਹਰੇ ਨੂੰ ਦੇਖ ਰਹੀ ਸੀ। ਸਾਜੀਆ ਖੁਦ ਵੀ ਬਹੁਤ ਖੂਬਸੂਰਤ ਸੀ। ਪਰ ਇਕਲਾਬ ਦੇ ਚਿਹਰੇ ਦੀ ਲਾਲਗੀ ਤੇ ਮੁਸਕਾਨ ਜਿਵੇਂ ਉਸਦੇ ਅੰਦਰ ਵੀ ਓਹੀ ਪ੍ਰਕਾਸ਼ ਖੇੜ ਰਹੀ ਹੋਵੇ ਜੋ ਇਕਬਾਲ ਅੰਦਰ ਠਾਠਾਂ ਮਾਰ ਰਿਹਾ ਸੀ। ਉਹ ਇਕਬਾਲ ਨੂੰ ਦੇਖ ਰਹੀ ਸੀ ਤੇ ਇਕਬਾਲ ਸਾਜੀਆ ਵੱਲ ਨੂੰ ਝੁਕਿਆ। ਗੋਡੇ ਜ਼ਮੀਨ ’ਤੇ ਲਾਏ ਤੇ ਸਾਜੀਆ ਨੂੰ ਮੱਥਾ ਟੇਕਿਆ। ਸਾਜੀਆ ਇਕਦਮ ਪਿਛਾਂਹ ਹਟੀ ਤੇ ਬੋਲੀ...

"ਇਹ ਕੀ ਕਰ ਰਹੇ ਓ?"

"ਸਜਦਾ।"

"ਨਾ ਕਰੋ ਇੰਝ।"

"ਮੈਂ ਚੱਲਦਾ ਹਾਂ। ਤੇ ਮੁਆਫ ਕਰਨਾ, ਮੈਂ ਕੋਸ਼ਿਸ਼ ਕਰਾਂਗਾ ਕਿ ਖੁਦ ਨੂੰ ਰੋਕ ਪਾਵਾਂ। ਪਰ ਨਾ ਰੋਕ ਪਾਇਆ ਤਾਂ ਤੁਹਾਡੇ ਦਰ ਸਾਹਮਣੇ ਸਜਦਾ ਕਰਨ ਆਵਾਂਗਾ। ਤੁਸੀਂ ਮਿਹਰ ਕਰਨਾ।"

"ਇੰਝ ਨਾ ਕਰੋ। ਮੈਂ ਰੱਬ ਨਹੀਂ ਆ।"

"ਹਾਹਹਾਹਾਹਾਹਾਹਾ.. ਮੈਂ ਰੱਬ ਨੂੰ ਕਦੇ ਖੁਦ ਨੂੰ ਰੱਬ ਕਹਿੰਦੇ ਨਹੀਂ ਸੁਣਿਆ। ਪਰ ਉਹ ਹੈ। ਮੈਂ ਚੱਲਦਾ।"

ਇਕਬਾਲ ਚਿਹਰੇ ’ਤੇ ਹਾਸਾ ਲਈ ਦਰਬਾਰ ਸਾਹਿਬ ਤੋਂ ਨਿਕਲ ਗਿਆ। ਉਸਨੇ ਇੱਕ ਵਾਰ ਵੀ ਪਿੱਛੇ ਮੁੜ ਨਾ ਵੇਖਿਆ। ਸਾਜੀਆ ਉਸਨੂੰ ਤਦ ਤੱਕ ਦੇਖਦੀ ਰਹੀ ਜਦ ਤੱਕ

ਉਹ ਨਜ਼ਰਾਂ ਤੋਂ ਓਹਲੇ ਨਹੀਂ ਹੋਇਆ। ਉਸ ਉਪਰੰਤ ਉਸਨੇ ਦਰਸ਼ਨ ਕੀਤੇ ਤੇ ਘਰ ਨੂੰ ਚਲੀ ਗਈ। ਉਸਦੇ ਮਨ ਅੰਦਰ ਕੇਵਲ ਤੇ ਕੇਵਲ ਇਕਬਾਲ ਘੁੰਮ ਰਿਹਾ ਸੀ। ਬੇਸ਼ੱਕ ਉਹ ਕਿਸੇ ਹੋਰ ਨੂੰ ਬੇਇੰਤਹਾ ਪਿਆਰ ਕਰਦੀ ਸੀ ਪਰ ਇਕਬਾਲ ਦੇ ਸਮਰਪਣ ਸਾਹਮਣੇ ਉਹ ਖੁਦ ਨੂੰ ਹਾਰਿਆ ਮੰਨ ਰਹੀ ਸੀ। ਓਧਰ ਇਕਬਾਲ ਤਾਂ ਜਿਵੇਂ ਪੂਰੀ ਤਰ੍ਹਾਂ ਮਸਤ ਸੀ। ਉਹਨੂੰ ਕੋਈ ਸੁਰਤ ਹੀ ਨਹੀਂ ਸੀ। ਉਹਨੇ ਘਰ ਜਾ ਨੁਸਰਤ ਸਾਹਬ ਦੀਆਂ ਕਵਾਲੀਆਂ ਲਾ ਲਈਆਂ। ਅਚਾਨਕ ਨੁਸਰਤ ਸਾਹਿਬ ਦੀ "ਬਾਬਾ ਜੀ ਸਾਡਾ ਹੱਜ ਹੋ ਗਿਆ" ਵਾਲੀ ਕਵਾਲੀ ਲੱਗ ਗਈ। ਇਕਬਾਲ ਨੇ ਫਿਰ ਉਹ ਵਾਰ ਵਾਰ ਸੁਣੀ। ਉਸਦੇ ਚਿਹਰੇ ਸਾਹਮਣੇ ਸਿਰਫ ਸਾਜੀਆ ਹੀ ਘੁੰਮ ਰਹੀ ਸੀ। ਉਸਨੇ ਕਾਪੀ ਪੈੱਨ ਚੁੱਕਿਆ ਤੇ ਲਿਖਣ ਲੱਗਾ। ਉਸਨੇ ਲਿਖਿਆ...

**"ਮੈਂ ਇਸ ਜੱਗ ਤੋਂ ਜਦ ਵੀ ਵਿਦਾ ਹੋਵਾਂ,**
**ਮੇਰੀ ਲਾਸ਼ ਨੂੰ ਓਹਦੀ ਚੌਖਟ ਰਾਹੀਂ ਲੈ ਜਾਇਉ,**
**ਉਹਨੂੰ ਆਖਿਉ ਮੈਨੂੰ ਇੱਕ ਹਾਕ ਮਾਰੇ,**
**ਸ਼ਾਇਦ ਜਾਗ ਪਵਾਂ ਓਹਦੀ ਹੂਕ ਸੁਣਕੇ।**

**ਮੈਂ ਇਸ ਜਗ ਤੋਂ ਜਦ ਵੀ ਵਿਦਾ ਹੋਵਾਂ,**
**ਮੇਰੀ ਲਾਸ਼ ਨੂੰ ਕੰਡਿਆਂ ਨਾਲ ਸਜਾ ਦੇਣਾ,**
**ਉਹ ਜਦ ਵੀ ਕਬਰ ਨੂੰ ਹੱਥ ਲਾਵੇ,**
**ਸ਼ਾਇਦ ਓਹਦੇ ਖ਼ੂਨ ਨਾਲ ਕਬਰ ਖਿਲ ਉੱਠੇ।"**

ਉਹ ਕੋਈ ਸ਼ਾਇਰ ਜਾਂ ਫਿਰ ਲਿਖਾਰੀ ਨਹੀਂ ਸੀ। ਪਰ ਉਸਦੇ ਦਿਲ ਅੰਦਰਲਾ ਦਰਦ ਜਾਂ ਪਿਆਰ ਉਸਨੂੰ ਸਭ ਮੰਜਿਲਾਂ ਤੋਂ ਉਪਰ ਉਠਾਉਂਦਾ ਜਾ ਰਿਹਾ ਸੀ। ਉਸਨੇ ਫਿਰ ਤੋਂ ਲਿਖਿਆ..

"ਆਹ ਹਾਅ ਨੀ ਜ਼ਿੰਦੜੀਏ,
ਤੂੰ ਕੀ ਖੱਟਣਾ ਏ ਜੀਅ ਕੇ ਨੀ,
ਜਾਹ ਮੌਤ ਨੂੰ ਜਾ ਬੁਲਾਵਾ ਦੇਹ,
ਜਿੰਦ ਫਿਰ ਹੀ ਲੇਖੇ ਲਾਉਣਾ ਨੀ,
ਜਦ ਸੱਜਣਾ ਮਿਲਣ ਤੈਨੂੰ ਆਉਣਾ ਨੀ।

ਉਹਨਾਂ ਅੱਥਰੂ ਕੇਰਨੇ ਨੇ,
ਸੁੰਨੀ ਕਬਰ ਤੇਰੀ 'ਤੇ ਨੀ,
ਜਾਹ ਕਾਨੀਆਂ ਨੂੰ ਜਾ ਸੁਨੇਹਾ ਦੇਹ,
ਰੱਬ ਨੂੰ ਹੀ ਤਦ ਤੂੰ ਪਾਉਣਾ ਨੀ,
ਜਦ ਸੱਜਣਾ ਮਿਲਣ ਤੈਨੂੰ ਆਉਣਾ ਨੀ।"

ਉਸਦੇ ਇੰਞ ਲਿਖਣ ਤੋਂ ਸਾਫ ਜਾਹਿਰ ਹੁੰਦਾ ਸੀ ਕਿ ਇਕਬਾਲ ਨੂੰ ਉਹ ਇਸ਼ਕ ਹੋ ਗਿਆ ਏ ਜਿਸਦੀ ਪਹੁੰਚ ਬੜੀ ਦੂਰ ਏ। ਪਰ ਖੁਦਾ ਉਸਤੇ ਮਿਹਰਬਾਨ ਹੋਇਆ ਜਾਪਦਾ ਸੀ। ਉਹ ਵੀ ਦਿਨਾਂ ਵਿਚ ਹੀ। ਉਹਨੂੰ ਆਪਣੀ ਮੌਤ ਬਾਰੇ ਜਾਣ ਦੁੱਖ ਨਹੀਂ ਸੀ ਹੋਇਆ। ਉਹਨੂੰ ਤਾਂ ਚਾਅ ਚੜ੍ਹਿਆ ਹੋਇਆ ਸੀ ਕਿ ਉਸਦੀ ਮੌਤ 'ਤੇ ਸਾਜੀਆ ਉਹਨੂੰ ਸਜਦਾ ਕਰਨ ਆਵੇਗੀ। ਉਸਦੇ ਲਈ ਇਹ ਰੱਬ ਨੂੰ ਵੀ ਪਾਉਣ ਤੋਂ ਵੱਡੀ ਗੱਲ ਜਾਪਦੀ ਸੀ। ਉਹਨੂੰ ਆਪਣੀ ਮੌਤ ਦਾ ਚਾਅ ਚੜਿਆ ਹੋਇਆ ਸੀ। ਉਹਨੇ ਦਿਨ ਤੇ ਰਾਤ ਸਾਜੀਆ ਸਾਜੀਆ ਜੱਪ ਹੀ ਲੰਘਾ ਲਏ। ਅਗਲੇ ਦਿਨ ਫਿਰ ਉੱਠਿਆ ਤੇ ਪੈਦਲ ਹੀ ਸਾਜੀਆ ਦੇ ਘਰ ਨੂੰ ਤੁਰ ਪਿਆ। ਸਾਰਾ ਰਾਹ ਹੱਸਦਾ ਹੋਇਆ ਗਾਣੇ ਗਾਉਂਦਾ ਸਾਜੀਆ ਦੇ ਘਰ ਸਾਹਮਣੇ ਜਾ ਖੜਿਆ। ਕੀਰਤ ਨੇ ਅਚਾਨਕ ਹੀ ਉਸਨੂੰ ਦੇਖ ਲਿਆ ਤੇ ਜਾ ਸਾਜੀਆ ਨੂੰ ਖ਼ਬਰ ਕੀਤੀ। ਸਾਜੀਆ ਕਾਹਲੀ ਨਾਲ ਬਾਲਕੋਨੀ ਵਿਚ ਆਈ ਤੇ ਇਕਬਾਲ ਨੂੰ ਦੇਖਦੇ ਹੀ ਦੰਗ ਰਹਿ ਗਈ। ਇਕਬਾਲ ਉਸਨੂੰ ਵੇਖ ਬਸ ਮੁਸਕਰਾ ਰਿਹਾ ਸੀ। ਸਾਜੀਆ ਚੁੱਪ ਸੀ। ਉਸਦੇ ਚਿਹਰੇ ਉੱਪਰ ਖਾਮੋਸ਼ੀ ਝਲਕ ਰਹੀ ਸੀ। ਜਿਉਂ ਹੀ ਇਕਬਾਲ ਨੇ ਸਾਜੀਆ ਨੂੰ ਦੇਖਿਆ ਤਾਂ ਗੋਡੇ ਟੇਕ ਸਜਦਾ ਕਰਨ ਲੱਗਾ। ਸਾਜੀਆ ਨੇ ਕੀਰਤ ਨੂੰ ਕਿਹਾ..

"ਕੀਰਤ ਜਾਹ ਉਹਨੂੰ ਏਥੋਂ ਜਾਣ ਲਈ ਆਖ।"

ਸਾਜੀਆ ਉੱਪਰ ਖੜੀ ਰਹੀ ਤੇ ਕੀਰਤ ਹੇਠਾਂ ਨੂੰ ਆ ਗਈ। ਉਸਨੇ ਹੇਠਾਂ ਆ ਦੇਖਿਆ ਤਾਂ ਇਕਬਾਲ ਉੱਥੇ ਨਹੀਂ ਸੀ। ਉਹ ਚਲਾ ਗਿਆ ਸੀ। ਕੀਰਤ ਸਾਜੀਆ ਕੋਲ ਜਾ ਬੋਲੀ...

"ਦੀਦੀ ਹੈਨੀ ਉਹ ਤਾਂ। ਕਿੱਥੇ ਚਲਾ ਗਿਆ?"

"ਹਾਂ ਚਲਾ ਗਿਆ ਉਹ।"

"ਕਿਉਂ?"

"ਕਹਿੰਦਾ ਸੀ ਸਜਦਾ ਕਰਨ ਆਇਆ ਕਰਾਂਗਾ। ਜਦੋਂ ਮੇਰਾ ਖੁਦ 'ਤੇ ਵੱਸ ਨਾ ਚੱਲਿਆ।"

ਕੀਰਤ ਸਾਜੀਆ ਦੀ ਗੱਲ ਸੁਣ ਹੈਰਾਨ ਰਹਿ ਗਈ ਤੇ ਬੋਲੀ..

"ਦਿਮਾਗ ਹਿੱਲ ਗਿਆ ਜਾਪਦਾ ਓਹਦਾ। ਐਵੇਂ ਹੀ ਆ ਜਾਂਦਾ ਮੂੰਹ ਚੁੱਕ। ਚੰਗਾ ਭਲਾ ਪਤਾ ਕਿ ਤੁਸੀਂ ਕਿਸੇ ਹੋਰ ਨੂੰ ਪਿਆਰ ਕਰਦੇ ਤੇ ਤੁਹਾਡਾ ਵਿਆਹ ਵੀ ਆ।"

"ਨਹੀਂ ਕੀਰਤ ਪਾਗਲ ਨਹੀਂ ਆ ਉਹ। ਮੈਂ ਜਾਣਦੀ ਹਾਂ ਉਹਨੂੰ।"

"ਤੁਸੀਂ ਦੀਦੀ ਐਵੇਂ ਬਹੁਤਾ ਨਾ ਸੋਚੋ। ਏਹੋ ਜਿਹੇ ਕਈ ਤੁਰੇ ਫਿਰਦੇ ਆ। ਸ਼ੁਕਰ ਮਨਾਉ ਤੁਹਾਡਾ ਉਸ ਨਾਲ ਵਿਆਹ ਹੋ ਰਿਹਾ ਜਿਸਨੂੰ ਤੁਸੀਂ ਏਨੇ ਸਾਲਾਂ ਤੋਂ ਪਿਆਰ ਕਰ ਰਹੇ ਓ। ਕਿਤੇ ਇਹਦੇ ਚੱਕਰ 'ਚ ਆਪਣਾ ਘਰ ਨਾ ਖਰਾਬ ਕਰ ਲਿਉ।"

ਸਾਜੀਆ ਚੁੱਪ ਰਹੀ ਤੇ ਉਸ ਰਾਹ ਵੱਲ ਤੱਕਦੀ ਰਹੀ ਜਿਧਰ ਨੂੰ ਇਕਬਾਲ ਗਿਆ ਸੀ। ਸਾਜੀਆ ਆਪਣੇ ਕਮਰੇ ਵਿਚ ਚਲੀ ਗਈ ਤੇ ਇਕਬਾਲ ਉੱਥੋਂ ਸਿੱਧਾ ਪੈਦਲ ਹੀ ਹਾਲ ਬਜ਼ਾਰ ਜਾਮਾ ਮਸਜਿਦ ਚਲਾ ਗਿਆ। ਉੱਥੇ ਜਾ ਸਜਦਾ ਕੀਤਾ ਤੇ ਇਕ ਪਾਸੇ ਹੋ ਬੈਠ ਗਿਆ। ਸਾਰਾ ਦਿਨ ਬੈਠਾ ਰਿਹਾ। ਇਕਦਮ ਚੁੱਪ। ਜਦੋਂ ਬਾਹਰ ਹਨੇਰਾ ਹੋਣ ਲੱਗਾ ਤਾਂ ਉੱਠ ਫਿਰ ਤੋਂ ਸਾਜੀਆ ਦੇ ਘਰ ਵੱਲ ਨੂੰ ਤੁਰ ਪਿਆ। ਪਹੁੰਚਿਆ ਤਾਂ ਦੇਖਿਆ ਕਿ ਉਸਦਾ ਘਰ ਖ਼ੂਬਸੂਰਤ ਲਾਇਟਾਂ ਨਾਲ ਰੋਸ਼ਨ ਹੋਇਆ ਪਿਆ ਸੀ। ਘਰ ਨੂੰ ਜਗਮਗਾਉਂਦਾ ਦੇਖ ਉਹ ਚਾਅ ਨਾਲ ਭਰ ਗਿਆ। ਉਸਦੀ ਨਜ਼ਰ ਜਿਉਂ ਹੀ ਸਾਜੀਆ 'ਤੇ ਪਈ ਗੋਡੇ ਟੇਕੇ ਤੇ ਸਜਦਾ ਕਰ ਆਪਣੇ ਘਰ ਨੂੰ ਤੁਰ ਪਿਆ। ਸਾਜੀਆ ਦੀ ਨਜ਼ਰ ਉਸਤੇ ਨਾ ਪਈ। ਘਰ ਜਾ ਸੁੱਤਾ। ਦੋ

ਦਿਨ ਘਰੇ ਰਿਹਾ। ਲਿਖਦਾ ਰਹਿੰਦਾ ਤੇ ਗਾਉਂਦਾ ਰਹਿੰਦਾ। ਉਸਨੂੰ ਕੋਈ ਸੁਰਤ ਨਹੀਂ ਸੀ ਕਿ ਘਰਦੇ ਕੰਮ ਵੀ ਕਰਨੇ ਨੇ ਜਾਂ ਫਿਰ ਕਾਲਜ ਵੀ ਜਾਣਾ ਹੈ। ਮਸਤ ਹੋ ਗਿਆ ਸੀ ਪੂਰੀ ਤਰ੍ਹਾਂ।

ਓਧਰ ਸਾਜੀਆ ਦਾ ਵਿਆਹ ਸੀ। ਸਾਜੀਆ ਖੁਸ਼ ਸੀ ਕਿ ਇਕਬਾਲ ਦੋ ਦਿਨ ਤੋਂ ਉਸਦੇ ਘਰ ਨਹੀਂ ਸੀ ਆਇਆ। ਉਸਨੂੰ ਲੱਗਦਾ ਸੀ ਸ਼ਾਇਦ ਇਕਬਾਲ ਸੰਭਲ ਗਿਆ ਹੋਵੇਗਾ। ਪਰ ਉਸਦੀ ਫਿਕਰ ਵਿਚ ਬਸ ਇਕਬਾਲ ਹੀ ਸੀ। ਉਸਨੂੰ ਆਪਣੇ ਵਿਆਹ ਦਾ ਓਨਾ ਚਾਅ ਨਹੀਂ ਸੀ ਜਾਪਦਾ ਜਿੰਨੀ ਇਕਬਾਲ ਦੀ ਫਿਕਰ ਸੀ। ਤੀਸਰੇ ਦਿਨ ਸਾਜੀਆ ਦਾ ਵਿਆਹ ਸੀ। ਸਾਰੇ ਰਸਮਾਂ ਰਿਵਾਜ਼ ਪੂਰੇ ਹੋਏ, ਗੁਰੂ ਘਰ ਲਾਵਾਂ ਹੋਈਆਂ ਤੇ ਫੇਰਾ ਪਾਉਣ ਲਈ ਘਰ ਆਏ। ਜਿਉਂ ਹੀ ਸਾਜੀਆ ਸੋਹਰੇ ਘਰ ਜਾਣ ਲਈ ਗੱਡੀ ਵਿਚ ਬੈਠਣ ਲੱਗੀ ਤਾਂ ਸਾਹਮਣਿਉਂ ਮਸਤ ਚਿਹਰੇ 'ਤੇ ਖੁਸ਼ੀ ਲਈ ਇਕਬਾਲ ਨਜ਼ਰ ਆਇਆ। ਉਸਨੂੰ ਵੇਖਦੇ ਹੀ ਸਾਜੀਆ ਦੀ ਜਿਵੇਂ ਧੜਕਣ ਹੀ ਰੁਕ ਗਈ ਹੋਵੇ। ਸਾਜੀਆ ਗੱਡੀ ਵਿਚ ਬੈਠੀ। ਇਕਬਾਲ ਅਜੇ ਦੂਰ ਸੀ। ਜਿਉਂ ਹੀ ਗੱਡੀ ਇਕਬਾਲ ਦੇ ਕੋਲੋਂ ਲੰਘੀ ਤਾਂ ਇਕਬਾਲ ਦਾ ਧਿਆਨ ਇਕਦਮ ਫੁੱਲਾਂ ਨਾਲ ਸਜੀ ਗੱਡੀ 'ਤੇ ਪਿਆ। ਉਸਨੇ ਕਾਹਲੀ ਨਾਲ ਗੋਡੇ ਟੇਕੇ ਤੇ ਸਿਰ ਝੁਕਾ ਕਿੰਨੀ ਹੀ ਦੇਰ ਤੱਕ ਸਜਦਾ ਕਰਦਾ ਰਿਹਾ। ਉਸਨੂੰ ਦੇਖਣ ਵਾਲੇ ਸਭ ਹੈਰਾਨ ਰਹਿ ਗਏ। ਕਿਸੇ ਨੂੰ ਕੁਝ ਸਮਝ ਨਾ ਆਇਆ। ਇੱਕ ਸੋਹਣਾ ਸੁਨੱਖਾ ਮੁੰਡਾ ਇਹ ਕਿਵੇਂ ਦੀ ਹਰਕਤ ਕਰ ਰਿਹਾ ਸੀ, ਸਭ ਹੈਰਾਨ ਸਨ। ਇਕਬਾਲ ਉੱਠਿਆ ਤੇ ਆਪਣੇ ਘਰ ਨੂੰ ਤੁਰ ਪਿਆ।

ਉਸਦਾ ਹਾਲ ਫਕੀਰਾਂ ਵਾਲਾ ਹੁੰਦਾ ਜਾ ਰਿਹਾ ਸੀ। ਉਸਨੇ ਆਪੇ ਨੂੰ ਇਕਦਮ ਭੁਲਾ ਲਿਆ ਜਾਪਦਾ ਸੀ। ਹਰ ਵਕਤ ਸਾਜੀਆ ਸਾਜੀਆ ਜੱਪਦੇ ਰਹਿਣਾ। ਜਿਵੇਂ ਸਾਜੀਆ ਖੁਦਾ ਹੋਵੇ। ਓਧਰ ਸਾਜੀਆ ਦੀ ਹਾਲਤ ਚੰਗੀ ਨਹੀਂ ਸੀ। ਬੇਸ਼ੱਕ ਉਸਨੂੰ ਉਸਦੀ ਮੁਹੱਬਤ ਮਿਲ ਗਈ ਸੀ। ਪਰ ਉਸਦੇ ਅੰਦਰ ਇਕ ਬਹੁਤ ਵੱਡੀ ਕਮੀ ਉਪਜ ਗਈ ਸੀ। ਉਸਦਾ ਵਿਆਹ ਅੰਮ੍ਰਿਤਸਰ ਤੋਂ ਬਾਹਰ ਹੀ ਇਕ ਨਵੀਂ ਕਲੋਨੀ ਵਿਚ ਹੋਇਆ ਸੀ। ਜੋ ਨਿਊ ਅੰਮ੍ਰਿਤਸਰ ਨਾਂਅ ਨਾਲ ਜਾਣੀ ਜਾਂਦੀ ਸੀ। ਉਹ ਕਦੇ ਕਦਾਈਂ ਆਪਣੇ ਪੇਕੇ ਆਉਂਦੀ ਪਰ ਉਸਨੂੰ ਇਕਬਾਲ ਕਦੇ ਦਿਖਾਈ ਨਾ ਦੇਂਦਾ।

ਇਕਬਾਲ ਦੇ ਘਰਦੇ ਇਕਬਾਲ ਲਈ ਫਿਕਰਮੰਦ ਸਨ। ਉਹਨਾਂ ਨੂੰ ਨਾ ਤਾਂ ਸਾਜੀਆ ਬਾਰੇ ਕੋਈ ਖਬਰ ਸੀ ਤੇ ਨਾ ਹੀ ਇਕਬਾਲ ਦੇ ਬੇਇੰਤਹਾ ਇਸ਼ਕ ਬਾਰੇ। ਉਹਨਾਂ ਇਕਬਾਲ ਨੂੰ ਕਈ ਦਰਗਾਹਾਂ ਤੇ ਲਿਜਾਇਆ ਕਿ ਉਹ ਠੀਕ ਹੋਜੇ ਪਰ ਉਹ ਕਿਤੋ ਰਾਜੀ ਨਾ ਹੋਇਆ। ਉਹ ਬਿਮਾਰ ਹੀ ਨਹੀਂ ਸੀ ਫਿਰ ਰਾਜੀ ਕੀ ਹੋਣਾ ਸੀ। ਕਾਫੀ ਦਿਨ ਇੰਝ ਹੀ ਚੱਲਦਾ ਰਿਹਾ। ਉਹਨੇ ਲਿਖਣਾ ਤੇ ਸਾਜੀਆ ਨੂੰ ਯਾਦ ਕਰਦੇ ਰਹਿਣਾ। ਇੰਝ ਹੀ ਇੱਕ ਸਾਲ ਬੀਤ ਗਿਆ। ਇਕਬਾਲ ਉਹ ਇਕਬਾਲ ਨਾ ਰਿਹਾ ਜੋ ਪਹਿਲਾਂ ਸੀ। ਇਕਦਮ ਫਕੀਰ ਹੋ ਗਿਆ ਸੀ। ਇੱਕ ਦਿਨ ਉਹ ਘਰੋਂ ਨਿਕਲਿਆ ਤੇ ਸਾਜੀਆ ਸਾਜੀਆ ਕਰਦੇ ਉਸਦੇ ਘਰ ਸਾਹਮਣੇ ਜਾ ਪਹੁੰਚਿਆ। ਉਸਨੇ ਸਿਰ ਝੁਕਾ ਗੋਡੇ ਟੇਕੇ ਸਜਦਾ ਕੀਤਾ ਕਿ ਫਿਰ ਉੱਠਿਆ ਹੀ ਨਾ। ਉੱਥੇ ਹੀ ਢੇਰੀ ਹੋ ਗਿਆ।

ਕੁਝ ਦੇਰ ਉਂਝ ਹੀ ਪਿਆ ਰਿਹਾ। ਫਿਰ ਕਿਸੇ ਔਰਤ ਨੇ ਉਸਨੂੰ ਪਏ ਦੇਖਿਆ ਤਾਂ ਰੌਲਾ ਪਾ ਦਿੱਤਾ। ਸਭ ਲੋਕ ਇਕੱਠੇ ਹੋ ਗਏ। ਕੀਰਤ ਨੇ ਧਿਆਨ ਦਿੱਤਾ ਤਾਂ ਦੇਖਿਆ ਉਹ ਇਕਬਾਲ ਸੀ। ਉਸਦੇ ਜਿਵੇਂ ਸਾਹ ਹੀ ਰੁਕ ਗਏ ਹੋਣ। ਕਿਸੇ ਨੂੰ ਉਸਦੀ ਪਹਿਚਾਣ ਨਹੀਂ ਸੀ। ਫਿਰ ਕਿਸੇ ਨੇ ਪੁਲਿਸ ਨੂੰ ਇਤਿਲਾਹ ਦਿੱਤੀ ਤਾਂ ਕਾਰਵਾਹੀ ਕੀਤੀ ਗਈ। ਲਾਸ਼ ਨੂੰ ਨਜ਼ਦੀਕੀ ਥਾਣੇ ਲਿਜਾਇਆ ਗਿਆ। ਤਫਤੀਸ਼ ਕਰਨ ਪਿੱਛੋਂ ਇਕਬਾਲ ਦੇ ਘਰ ਖਬਰ ਕੀਤੀ ਗਈ। ਦੋ ਦਿਨ ਕਾਰਵਾਈ ਚੱਲੀ ਤੇ ਤੀਸਰੇ ਦਿਨ ਉਸਨੂੰ ਮੁਸਲਿਮ ਰਿਵਾਜ਼ਾਂ ਅਨੁਸਾਰ ਨੇੜੇ ਦੇ ਕਬਰਿਸਤਾਨ ਵਿਚ ਦਫਨਾਇਆ ਗਿਆ। ਉਸਦੀ ਕਬਰ ਉੱਤੇ ਬੂਟੇ ਲਾਏ ਗਏ। ਪਰ ਕੁਝ ਦਿਨਾਂ ਵਿਚ ਹੀ ਸਭ ਸੁੱਕ ਗਏ।

ਓਧਰ ਸਾਜੀਆ ਦੀ ਹਾਲਤ ਬਹੁਤ ਹੀ ਨਾਜ਼ੁਕ ਸੀ। ਉਸਨੂੰ ਤਾਂ ਕੋਈ ਖਬਰ ਨਹੀਂ ਸੀ ਇਕਬਾਲ ਦੇ ਮਰਨ ਦੀ। ਉਹ ਉਂਝ ਹੀ ਇਕਬਾਲ ਦੀ ਮੁਹੱਬਤ ਵਿਚ ਅੰਦਰੋਂ ਅੰਦਰੀ ਮਰਦੀ ਜਾ ਰਹੀ ਸੀ। ਉਹਦਾ ਜ਼ਰੂਰ ਪ੍ਰੇਮ ਵਿਆਹ ਹੋਇਆ ਸੀ ਪਰ ਇਕਬਾਲ ਦੀ ਮੁਹੱਬਤ ਨੇ ਉਸਨੂੰ ਬਦਲ ਦਿੱਤਾ ਸੀ। ਉਹ ਚਾਹ ਵੀ ਖੁਸ਼ ਨਹੀਂ ਸੀ। ਉਹ ਦਿਨੋਂ ਦਿਨ ਘੁੱਟ ਘੁੱਟ ਮਰ ਰਹੀ ਸੀ। ਕੀਰਤ ਉਸਨੂੰ ਇਕਬਾਲ ਬਾਰੇ ਦੱਸਣਾ ਤਾਂ ਚਾਹੁੰਦੀ ਸੀ ਪਰ ਦੱਸ ਨਾ ਪਾਈ। ਸਾਜੀਆ ਦੀ ਸਿਹਤ ਕਾਰਨ ਉਸਦੇ ਮਾਪੇ ਉਸਨੂੰ ਆਪਣੇ ਘਰ ਲੈ ਆਏ। ਪਰ

ਉਸਦੀ ਸਿਹਤ ਵਿਚ ਕੋਈ ਸੁਧਾਰ ਨਾ ਆਇਆ। ਇਕ ਰੋਜ ਕੀਰਤ ਤੇ ਸਾਜੀਆ ਗੱਲਾਂ ਕਰ ਰਹੀਆਂ ਸਨ ਤਾਂ ਅਚਾਨਕ ਕੀਰਤ ਨੇ ਗੱਲ ਛੇੜ ਲਈ। ਉਹ ਆਖਣ ਲੱਗੀ....

"ਦੀਦੀ ਤੁਹਾਨੂੰ ਇਕਬਾਲ ਜ਼ਿਆਦਾ ਪਿਆਰ ਕਰਦਾ ਜਾਂ ਫਿਰ ਪ੍ਰੀਤ ਜੀਜੂ?"

"ਤੂੰ ਜਾਣਦੀ ਏ ਇਹ ਸਵਾਲ ਦਾ ਜੁਆਬ।"

"ਨਹੀਂ ਮੈਂ ਤਹਾਡੇ ਮੂੰਹੋਂ ਸੁਣਨਾ ਏ।"

"ਮੈਨੂੰ ਨਹੀਂ ਲੱਗਦਾ ਇਕਬਾਲ ਤੋਂ ਵੱਧ ਕੋਈ ਮੈਨੂੰ ਪਿਆਰ ਕਰ ਸਕਦਾ, ਮੈਨੂੰ ਕੋਈ ਚਾਹ ਸਕਦਾ, ਮੈਨੂੰ ਕੋਈ ਪੂਜ ਸਕਦਾ।"

ਕੀਰਤ ਚੁੱਪ ਹੋ ਗਈ। ਕਿਉਂਕਿ ਉਹ ਜਾਣਦੀ ਸੀ ਇਕਬਾਲ ਨਹੀਂ ਰਿਹਾ। ਉਹ ਕੁਝ ਦੇਰ ਰੁਕ ਫਿਰ ਬੋਲੀ..

"ਦੀਦੀ ਤੁਸੀਂ ਕਿਸਨੂੰ ਜਿਆਦਾ ਪਿਆਰ ਕਰਦੇ? ਇਕਬਾਲ ਨੂੰ ਜਾਂ ਫਿਰ ਜੀਜੂ ਨੂੰ।"

"ਇਸਦਾ ਜੁਆਬ ਵੀ ਤੈਨੂੰ ਪਤਾ।"

"ਪਰ ਮੈਂ ਤੁਹਾਡੇ ਮੂੰਹੋਂ ਸੁਣਨਾ।"

"ਬੇਸ਼ੱਕ ਪ੍ਰੀਤ ਨੂੰ।"

"ਪਰ ਮੈਨੂੰ ਤਾਂ ਨਹੀਂ ਲੱਗਦਾ।"

"ਤੈਨੂੰ ਦੱਸ ਮੇਰੇ ਦਿਲ ਦਾ ਕੀ ਪਤਾ।"

"ਤੁਹਾਡੇ ਨਾਲੋਂ ਜ਼ਿਆਦਾ ਜਾਣਦੀ ਆ ਤੁਹਾਨੂੰ ਮੈਂ।"

"ਫਿਰ ਤੈਨੂੰ ਇਹ ਵੀ ਪਤਾ ਮੈਂ ਕਿੰਨੇ ਸਾਲਾਂ ਤੋਂ ਪ੍ਰੀਤ ਨੂੰ ਪਿਆਰ ਕਰ ਰਹੀ ਆ।"

"ਦੀਦੀ ਸਾਲਾਂ ਨਾਲ ਪਿਆਰ ਦਾ ਪਤਾ ਨਹੀਂ ਲੱਗਦਾ। ਤੁਸੀਂ ਕਦੇ ਜੀਜੂ ਨੂੰ ਯਾਦ ਕਰ ਜਾਂ ਉਹਨਾਂ ਦੀ ਮੁਹੱਬਤ ਵਿਚ ਬਿਮਾਰ ਨਹੀਂ ਸੀ ਹੋਏ। ਪਰ ਹੁਣ ਹੋ।"

"ਤੈਨੂੰ ਕੀ ਲੱਗਦਾ ਮੈਂ ਇਕਬਾਲ ਕਾਰਨ ਬਿਮਾਰ ਹਾਂ।"

"ਅਫਸੋਸ...ਤੁਸੀਂ ਖੁਦ ਨੂੰ ਜਾਣਦੇ ਹੀ ਨਹੀਂ। ਜੇ ਮੈਂ ਤੁਹਾਨੂੰ ਹੁਣੇ ਇਕਬਾਲ ਬਾਰੇ ਕੁਝ ਦੱਸ ਦਿਆਂ ਤਾਂ ਜਾਨ ਨਿਕਲ ਜਾਣੀ ਤੁਹਾਡੀ।"

"ਕੀ ਦੱਸਣਾ?"

"ਨਹੀਂ ਛੱਡੋ। ਅਰਾਮ ਕਰੋ ਤੁਸੀਂ।"

"ਦੱਸ ਕੀ ਦੱਸਣਾ ਤੂੰ ਇਕਬਾਲ ਬਾਰੇ।"

"ਇਕਬਾਲ ਇਸ ਦੁਨੀਆਂ 'ਤੇ ਨਹੀਂ ਰਿਆ। ਕੁਝ ਦਿਨ ਪਹਿਲਾਂ ਹੀ ਮੌਤ ਹੋਗੀ ਓਹਦੀ।"

"ਹੈਂਅ..."

ਸਾਜੀਆ ਦਾ ਹੌਕਾ ਹੀ ਨਿਕਲ ਗਿਆ। ਉਹਦੀਆਂ ਅੱਖੀਆਂ 'ਚੋਂ ਹੰਝੂ ਵਹਿ ਤੁਰੇ। ਕੀਰਤ ਨੂੰ ਪੁੱਛਿਆ..

"ਕਿੱਥੇ ਦਫਨਾਇਆ ਉਸਨੂੰ...?"

ਜਿਉਂ ਹੀ ਕੀਰਤ ਦੱਸਿਆ ਸਾਜੀਆ ਨੰਗੇ ਪੈਰੀਂ ਭੱਜੀ ਤੇ ਭੱਜਦੀ ਗਈ। ਉਸਦੇ ਗਲ ਚਿੱਟੇ ਦੁੱਧ ਵਰਗਾ ਸੂਟ ਸੀ। ਗਲ ਚੁੰਨੀ ਸੀ, ਜਿਸਦੀ ਉਸਨੂੰ ਕੋਈ ਸੁਰਤ ਨਹੀਂ ਸੀ। ਵਾਲ ਖਿੱਲਰੇ ਪਏ ਸਨ। ਉਹ ਭੱਜਦੀ ਗਈ। ਕੀਰਤ ਵੀ ਉਸਦੇ ਪਿੱਛੇ ਭੱਜੀ। ਉਹਨਾਂ ਨੂੰ ਘਰੋਂ ਇੰਝ ਜਾਂਦਾ ਦੇਖ ਉਹਨਾਂ ਦੇ ਮਾਪੇ ਉਹਨਾਂ ਮਗਰੇ ਤੁਰ ਪਏ।

ਸਾਜੀਆ ਭੱਜਦੀ ਜਾ ਰਹੀ ਸੀ। ਉਸਦੀ ਸਲਵਾਰ ਦੇ ਪੌਂਚੇ ਉਸਦੇ ਪੈਰਾਂ ਵਿਚ ਅੜ ਰਹੇ ਸੀ। ਉਹ ਭੱਜਦੀ ਭੱਜਦੀ ਦੋ ਵਾਰ ਡਿੱਗੀ ਤੇ ਮੁੜ ਉੱਠ ਭੱਜਦੀ ਗਈ। ਉਹਨੂੰ ਆਪਣੀ ਸੁਰਤ ਨਹੀਂ ਸੀ। ਦੋ ਵਾਰ ਡਿੱਗਣ ਕਰਕੇ ਉਸਦੀ ਚਿੱਟੀ ਸਲਵਾਰ ਦੋਵਾਂ ਗੋਡਿਆਂ ਤੋਂ ਰਗੜ ਖਾ ਪਾਟ ਗਈ ਸੀ। ਦੋਵਾਂ ਗੋਡਿਆਂ ਤੋਂ ਧਾਰਾਂ ਬੰਨ੍ਹ ਖੂਨ ਵਹਿ ਰਿਹਾ ਸੀ। ਇੱਕ ਪਾਸੇ ਉਹਦੇ ਮੱਥੇ 'ਤੇ ਸੱਟ ਸੀ। ਪਰ ਉਹ ਰੁਕੀ ਨਾ ਤੇ ਭੱਜਦੀ ਗਈ। ਅਖੀਰ ਉਹ ਕਬਰਿਸਤਾਨ ਜਾ ਪਹੁੰਚੀ। ਉਹ ਪਾਗਲਾਂ ਵਾਗ ਕਬਰਾਂ ਫੋਲਣ ਲੱਗੀ ਤੇ ਅਖੀਰ ਇਕਬਾਲ ਦੀ ਕਬਰ 'ਤੇ ਜਾ ਪਹੁੰਚੀ ਜਿੱਥੇ ਉਸਦਾ ਨਾਂਅ ਤੇ ਥੱਲੇ ਇਕ ਸ਼ੇਅਰ ਲਿਖਿਆ ਸੀ।

ਸਾਜੀਆ ਇਕਦਮ ਕਬਰ 'ਤੇ ਢਹਿ ਪਈ ਤੇ ਉੱਚੀ ਉੱਚੀ ਰੋਣ ਲੱਗੀ। ਉਹਦੀਆਂ ਅੱਖੀਆਂ 'ਚੋਂ ਏਵੇਂ ਹੰਝੂ ਵਹਿ ਤੁਰੇ। ਜਿਵੇਂ ਬਿਆਸ ਵਿਚ ਹੜ ਆ ਗਿਆ ਹੋਵੇ। ਉਸਦੀਆਂ ਅੱਖੀਆਂ 'ਚੋਂ ਡਿੱਗਦੇ ਹੰਝੂ ਜਿਵੇਂ ਇਕਬਾਲ ਦੀ ਕਬਰ 'ਤੇ ਲੱਗੇ ਬੂਟਿਆਂ ਨੂੰ ਪਾਣੀ ਦੇ ਰਹੇ ਹੋਣ। ਸਾਜੀਆ ਪੂਰੀ ਤਰ੍ਹਾਂ ਕਬਰ ਨਾਲ ਲਿਪਟੀ ਪਈ ਸੀ। ਉਸਦਾ ਚਿੱਟਾ ਸੂਟ ਮਿੱਟੀ 'ਤੇ ਲਹੂ ਰੰਗਾ ਹੀ ਹੋ ਗਿਆ ਸੀ। ਕੁਝ ਦੇਰ ਪਿੱਛੋਂ ਜਦ ਕੀਰਤ ਤੇ ਉਸਦੇ ਮਾਪਿਆ ਨੇ ਸਾਜੀਆ ਨੂੰ ਹਿਲਾ ਉਠਾਉਣਾ ਚਾਹਿਆ ਤਾਂ ਸਾਜੀਆ ਸਾਹ ਛੱਡ ਚੁੱਕੀ ਸੀ। ਉੱਥੇ ਸਿਰਫ ਉਸਦੀ ਦੇਹ

ਸੀ। ਉਸਦੇ ਮਾਪੇ ਤੇ ਕੀਰਤ ਰੋਣ ਲੱਗੀ। ਕੀਰਤ ਨੇ ਰੋਂਦੇ ਹੋਏ ਹੀ ਇਕਬਾਲ ਦੇ ਨਾਂਅ ਥੱਲੇ ਲਿਖਿਆ ਕੁਝ ਦੇਖਿਆ ਤਾਂ ਪੜ੍ਹਨ ਲੱਗੀ..

**"ਮੈਂ ਇਸ ਜਗ ਤੋਂ ਜਦ ਵੀ ਵਿਦਾਂ ਹੋਵਾਂ,**
**ਉਹਦੇ ਤਾਈਂ ਸੁਨੇਹਾ ਲਾ ਦੇਣਾ,**
**ਉਹਨੂੰ ਆਖਣਾ ਜਦ ਵੀ ਉਹ ਸਾਹ ਛੱਡੇ,**
**ਮੇਰੀ ਕਬਰ 'ਤੇ ਫੁੱਲ ਬਣ ਖਿੜ ਜਾਵੇ।"**

ਸਾਜੀਆ ਦੀ ਲਾਸ਼ ਨੂੰ ਘਰ ਲੈ ਗਏ ਅਤੇ ਕੀਰਤ ਨੇ ਘਰ ਸਭ ਦੱਸਿਆ। ਫਿਰ ਕੀਰਤ ਦੇ ਜ਼ੋਰ ਦੇਣ ਅਤੇ ਜ਼ਿਦ ਕਰਨ ਕਾਰਨ ਸਾਜੀਆ ਦੀ ਲਾਸ਼ ਨੂੰ ਇਕਬਾਲ ਦੇ ਕੋਲ ਹੀ ਮੁਸਲਿਮ ਰਿਵਾਜ਼ਾਂ ਅਨੁਸਾਰ ਦਫਨਾ ਦਿੱਤਾ ਗਿਆ ਤੇ ਉਸਦੇ ਨਾਂਅ ਹੇਠਾਂ ਲਿਖਿਆ ਗਿਆ..

**"ਤੇਰੇ ਕੋਲ ਹੀ ਪਈ ਆ ਸੱਜਣਾ ਵੇ,**
**ਉੱਠ ਕਬਰ 'ਚੋਂ ਮੈਨੂੰ ਕਲਾਵੇਂ ਵਿਚ ਭਰਲੈ,**
**ਕੀ ਕਰਨੀ ਏ ਫੁੱਲਾਂ ਦੀ ਖੁਸ਼ਬੋ ਤੂੰ,**
**ਜਦ ਖੁਸ਼ਬੋ ਰੂਹ ਦੀ ਤੇਰੇ ਨਾਂਵੇਂ ਕਰ ਦਿੱਤੀ।"**

**।। ਮੁਹੱਬਤ ਕਦੇ ਨਹੀਂ ਮਰਦੀ ।।**

**।। ਧੰਨਵਾਦ ।।**

**ਪ੍ਰੀਤ ਸਿੰਘ ਭੈਣੀ**
**ਐੱਮ. ਏ. ਪੰਜਾਬੀ.**





KHALSA COLLEGE SAJRA SAHIT

# ਖ਼ਾਲਸਾ ਕਾਲਜ ਸੱਜਰਾ ਸਾਹਿਤ